ਬੁੱਧ ਦੇ ਧੱਮਪਦ

ਭਾਸ਼ਾ ਵਿਭਾਗ ਪੰਜਾਬ

BUDH DE DHAMPUD (In Punjabi)

Translation : PROF. HARNAM DAS

Editor : DR. AMRIT KAUR RAINA

ਬੁੱਧ ਦੇ ਧੱਮਪਦ

ਅਨੁਵਾਦ : ਪ੍ਰੋ. ਹਰਨਾਮ ਦਾਸ

ਸੰਪਾਦਕ : ਡਾ. ਅੰਮ੍ਰਿਤ ਕੌਰ ਰੈਣਾ



© ਭਾਸ਼ਾ ਵਿਭਾਗ, ਪੰਜਾਬ

ਸਾਲ : 2001

ਕਾਪੀਆਂ : 2000

ਮੁੱਲ : 14 ਰੁਪਏ 00 ਪੈਸੇ

0120-ਸੰ. ਸਾ.-1490

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਭਾਰਤੀਆ ਇਲੈਕਟ੍ਰਿਕ ਪ੍ਰੈਸ, ਜਲੰਧਰ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮਗਰੀ ਵਿਭਾਗ, ਪੰਜਾਬ

ਤਰਤੀਬ

ਭੂਮਿਕਾ	I-IV
ਪ੍ਰਵੇਸ਼ਿਕਾ	V-XX
ਪਹਿਲਾ ਵੱਗ	1
ਦੂਜਾ ਵੱਗ	6
ਤੀਜਾ ਵੱਗ	9
ਚੌਥਾ ਵੱਗ	12
ਪੰਜਵਾਂ ਵੱਗ	16
ਛੇਵਾਂ ਵੱਗ	20
ਸੱਤਵਾਂ ਵੱਗ	23
ਅੱਠਵਾਂ ਵੱਗ	26
ਨੌਵਾਂ ਵੱਗ	30
ਦੱਸਵਾਂ ਵੱਗ	33
ਗਿਆਰ੍ਹਵਾਂ ਵੱਗ	37
ਬਾਰ੍ਹਵਾਂ ਵੱਗ	40
ਤੇਰਵਾਂ ਵੱਗ	43
ਚੌਦਵਾਂ ਵੱਗ	46
ਪੰਦਰ੍ਹਵਾਂ ਵੱਗ	50
ਸੋਲਵਾਂ ਵੱਗ	53
ਸਤਾਰਵਾਂ ਵੱਗ	56
ਅਠਾਰ੍ਹਵਾਂ ਵੱਗ	59
ਉਨੀਵਾਂ ਵੱਗ	64
ਵੀਹਵਾਂ ਵੱਗ	68
ਇੱਕੀਵਾਂ ਵੱਗ	72
ਬਾਈਵਾਂ ਵੱਗ	76
ਤੇਈਵਾਂ ਵੱਗ	79

+25 +25 +25 +25

ਗਿਆਨੀ ਸਰੂਪ ਸਿੰਘ ਕੋੜਿਆਣਾ
ਪੰਥਕ
ਢਾਡੀ ਜੱਥਾ
98150-03075
ਮੁੱਖ ਕੋੜਿਆਣਾ ਤਹਿ: ਫਿਰੋਜ਼ (ਜਲੰਧਰ)

ਦੋ ਸ਼ਬਦ

ਭਾਸ਼ਾ ਵਿਭਾਗ, ਪੰਜਾਬ ਵਲੋਂ ਪੰਜਾਬੀ ਸਾਹਿਤ, ਸਭਿਆਚਾਰ, ਕਲਾ, ਸੰਗੀਤ ਤੇ ਧਾਰਮਿਕ ਵਿਰਸੇ ਦੇ ਗੌਰਵ ਨੂੰ ਬਰਕਰਾਰ ਰੱਖਣ ਅਤੇ ਨਿਵੇਕਲਾਪਣ ਲਿਆਉਣ ਦੇ ਨਿਰੰਤਰ ਉਪਰਾਲੇ ਕੀਤੇ ਜਾਂਦੇ ਹਨ। ਇਸ ਮੰਤਵ ਦੀ ਪੂਰਤੀ ਲਈ ਵੱਖ ਵੱਖ ਵਿਸ਼ਿਆਂ ਤੇ ਨਵੀਆਂ ਪੁਸਤਕਾਂ ਛਪਵਾਉਣ ਦੇ ਨਾਲ ਨਾਲ ਹੋਰਨਾਂ ਭਾਸ਼ਾਵਾਂ ਦੀਆਂ ਪੁਸਤਕਾਂ ਨੂੰ ਅਨੁਵਾਦ/ਲਿਪੀ-ਅੰਤਰਣ ਕਰਕੇ ਪਾਠਕਾਂ ਤਕ ਪਹੁੰਚਾਉਣ ਲਈ ਵਿਉਂਤ ਬਣਾਈ ਗਈ ਹੈ। ਹਥਲੀ ਪੁਸਤਕ 'ਬੁੱਧ ਦੇ ਧੱਮਪਦ' ਇਸੇ ਲੜੀ ਦੀ ਇਕ ਕੜੀ ਹੈ ਜਿਸ ਦਾ ਪੰਜਾਬੀ ਕਾਵਿ ਅਨੁਵਾਦ ਪ੍ਰੋ. ਹਰਨਾਮ ਦਾਸ ਜੀ ਨੇ ਬੜੀ ਲਗਨ ਤੇ ਮਿਹਨਤ ਨਾਲ ਕੀਤਾ ਹੈ ਅਤੇ ਸੰਪਾਦਨ ਡਾ. ਅੰਮ੍ਰਿਤ ਕੌਰ ਰੈਣਾ ਨੇ ਕੀਤਾ ਹੈ।

ਪ੍ਰੋ. ਹਰਨਾਮ ਦਾਸ ਦੇ ਅਧਿਐਨ ਦਾ ਮੁੱਖ ਖੇਤਰ ਵੱਖ ਵੱਖ ਧਰਮਾਂ ਦਾ ਤੁਲਨਾਤਮਿਕ ਅਧਿਐਨ ਕਰਨਾ ਸੀ। ਸਾਲਾਂ ਬੱਧੀ ਉਨ੍ਹਾਂ ਦੇ ਲੇਖ 'ਸਿੱਖ ਰੀਵਿਊ' ਅਤੇ 'ਸਪੋਕਸਮੈਨ' ਵਿਚ ਛਪਦੇ ਰਹੇ। ਆਪ ਦੁਆਰਾ ਕੀਤਾ ਗਿਆ 'ਗੀਤਾ' ਦਾ ਕਾਵਿ ਅਨੁਵਾਦ 'ਗੀਤਾ ਅੰਮ੍ਰਿਤ' ਦੇ ਨਾਂ ਹੇਠ ਲਾਹੌਰ ਬੁੱਕ ਸ਼ਾਪ ਵਲੋਂ 1990 ਵਿਚ ਪ੍ਰਕਾਸ਼ਿਤ ਹੋ ਚੁੱਕਿਆ ਹੈ । ਪ੍ਰੋ. ਸਾਹਿਬ ਨੇ 'ਧੱਮਪਦ' ਦਾ ਕੇਵਲ ਅੱਖਰੀ ਅਨੁਵਾਦ ਨਹੀਂ ਕੀਤਾ ਸਗੋਂ ਲੋੜ ਅਨੁਸਾਰ ਸੀਮਤ ਹੱਦਾਂ ਦੇ ਅੰਦਰ ਕੁਝ ਨਾ ਕੁਝ ਵਿਆਖਿਆ ਵਾਲੇ ਨੋਟ ਵੀ ਦਿੱਤੇ ਹਨ ਪ੍ਰੰਤੂ ਉਨ੍ਹਾਂ ਨੂੰ ਅਸਲ ਵਿਸ਼ੇ ਦੀ ਗੁੰਜਾਇਸ਼ ਤੋਂ ਪਰੇ ਨਹੀਂ ਜਾਣ ਦਿੱਤਾ । ਧੱਮਪਦ ਵਿਚ 423 ਸਲੋਕ ਹਨ ਅਤੇ ਉਨ੍ਹਾਂ ਨੂੰ 26 ਅਧਿਆਇਆਂ ਵਿਚ ਬੜੇ ਸੁਚੱਜੇ ਢੰਗ ਨਾਲ ਵੰਡਿਆ ਹੋਇਆ ਹੈ।

ਪਾਲੀ ਭਾਸ਼ਾ ਵਿਚ ਲਿਖੇ ਇਸ ਗ੍ਰੰਥ ਦਾ ਅਨੁਵਾਦ ਸੰਸਾਰ ਵਿਚ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਕੀਤਾ ਜਾ ਚੁੱਕਿਆ ਹੈ। ਭਗਵਾਨ ਬੁੱਧ ਨੇ ਇਸ ਗ੍ਰੰਥ ਵਿਚ ਪਿਆਰ, ਅਹਿੰਸਾ, ਸਹਿਨਸ਼ੀਲਤਾ, ਮਿੱਤਰਤਾ, ਕਰੁਣਾ, ਸਵੈ-ਸੰਜਮ ਤੇ ਸ਼ੁੱਧ ਆਚਰਣ ਤੇ ਜ਼ੋਰ ਦਿੱਤਾ ਹੈ, ਉਨ੍ਹਾਂ ਦੀ ਸਿਖਿਆ ਜਾਤੀ ਭੇਦ ਅਤੇ ਵਰਗ ਭੇਦ ਤੋਂ ਉਪਰ ਉਠਕੇ ਮਜ਼ਬੀ ਤੰਗ-ਦਿਲੀਆਂ ਦੇ ਪਰਦੇ ਫਾਸ਼ ਕਰਦੀ ਹੋਈ ਇਨਸਾਨੀਅਤ ਦਾ ਸਬਕ ਸਿਖਾਉਂਦੀ ਹੈ। ਮਨੁੱਖ, ਮਨੁੱਖ ਵਿਚਕਾਰ ਪਿਆਰ ਦੀ ਸਾਂਝ ਪੈਦਾ ਕਰਦਾ ਹੈ । ਭਾਰਤ ਵਿਚ ਭਾਵੇਂ ਬੁੱਧ ਧਰਮ ਦਾ ਪ੍ਰਭਾਵ ਲਗਭਗ ਖਤਮ ਹੋ ਚੁੱਕਿਆ ਹੈ ਪ੍ਰੰਤੂ

ਬੁੱਧ ਦੇ ਪ੍ਰੇਮ, ਕਰੁਣਾ ਤੇ ਅਹਿੰਸਾ ਦੇ ਸਿਧਾਂਤ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੇ ਆਧਾਰ ਹਨ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਹ ਪੁਸਤਕ ਕੇਵਲ ਪੰਜਾਬੀ ਲੇਖਕਾਂ ਅਤੇ ਪਾਠਕਾਂ ਦੀਆਂ ਲੋੜਾਂ ਹੀ ਪੂਰੀਆਂ ਨਹੀਂ ਕਰੇਗੀ ਸਗੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਹੋਰ ਵੀ ਨਿਗਰ ਵਾਧਾ ਕਰੇਗੀ।

ਡਾ. ਮਦਨ ਲਾਲ ਹਸੀਜਾ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਭੂਮਿਕਾ

ਭਗਵਾਨ ਬੁੱਧ ਸੰਸਾਰ ਦੀਆਂ ਉਨ੍ਹਾਂ ਮਹਾਨ ਆਤਮਾਵਾਂ ਵਿਚੋਂ ਹਨ ਜਿਨ੍ਹਾਂ ਨੇ ਯੁੱਗ ਪਰਿਵਰਤਨ ਕੀਤਾ। ਧੱਮਪਦ ਭਗਵਾਨ ਬੁੱਧ ਦੁਆਰਾ ਰਚਿਤ ਬੁੱਧ ਧਰਮ ਦਾ ਸਰਵੋਤਮ ਕਾਵਿ-ਗ੍ਰੰਥ ਹੈ। 'ਇਸ ਵਿਚ ਕਾਵਿ ਅਤੇ ਨੈਤਿਕ, ਸਦਾਚਾਰਕ ਅਨੁਸ਼ਾਸਨ ਦਾ ਸੁੰਦਰ ਸੁਮੇਲ ਹੈ।' ਇਹ ਉਸ ਸਮੇਂ ਦੀ ਪ੍ਰਚਲਿਤ ਜਨ ਭਾਸ਼ਾ ਪਾਲੀ ਵਿਚ ਲਿਖਿਆ ਗਿਆ ਹੈ ਜੋ ਇਸ ਤੱਥ ਨੂੰ ਪ੍ਰਮਾਣਿਤ ਕਰਦਾ ਹੈ ਕਿ ਭਗਵਾਨ ਬੁੱਧ ਸਾਧਾਰਣ ਜਨਤਾ ਦੀ ਉਨ੍ਹਾਂ ਦੀ ਭਾਸ਼ਾ ਵਿਚ ਰਹਿਨੁਮਈ ਕਰ ਉਨ੍ਹਾਂ ਨੂੰ ਜਾਗ੍ਰਿਤ ਤੇ ਸੁਚੇਤ ਕਰਨਾ ਚਾਹੁੰਦੇ ਸਨ। ਧੱਮ ਸ਼ਬਦ ਸੰਸਕ੍ਰਿਤ ਸ਼ਬਦ 'ਧਰਮ' ਦਾ ਪਾਲੀ ਰੂਪਾਂਤਰ ਹੈ ਤੇ ਪਦ (ਪੱਥ) ਦੇ ਅਰਥ ਹਨ ਸੱਚਾ ਮਾਰਗ 'ਧੱਮਪਦ' ਦਾ ਅਰਥ ਧਰਮ ਸ਼ਾਸਤਰ ਵੀ ਹੈ। ਪਦ ਦੇ ਅਰਥ ਵਚਨ ਵੀ ਹੁੰਦੇ ਹਨ। ਨਿਰਸੰਦੇਹ ਧੱਮਪਦ ਵਿਚ ਉਹ ਅੰਮ੍ਰਿਤ ਬਚਨ ਮੌਜੂਦ ਹਨ ਜੋ ਭਗਵਾਨ ਬੁੱਧ ਧਰਮ ਸਬੰਧੀ ਰਖਦੇ ਸਨ।

ਧੱਮਪਦ ਗੀਤਾ ਤੇ ਜਪੁਜੀ ਵਾਂਗ ਸੰਸਾਰ ਦੇ ਪਾਵਨ ਸਾਹਿਤ ਦੀ ਸ਼ਾਹਕਾਰ ਕਿਰਤ ਹੈ। ਮਹਾਤਮਾ ਬੁੱਧ ਦਾ ਧੱਮਪਦ, ਸ਼੍ਰੀ ਕ੍ਰਿਸ਼ਨ ਭਗਵਾਨ ਦੀ ਭਗਵਤ ਗੀਤਾ ਤੇ ਗੁਰੂ ਨਾਨਕ ਦੇਵ ਜੀ ਦੀ ਜਪੁਜੀ ਸਮੁੱਚੇ ਸੰਸਾਰ ਦੀਆਂ ਉਹ ਅਰਸ਼ੀ ਜੋਤਾਂ ਹਨ ਜਿਨ੍ਹਾਂ ਵਿਚ ਬ੍ਰਹਮ ਗਿਆਨ ਦਾ ਨਿਚੋੜ ਮੌਜੂਦ ਹੈ ਤੇ ਇਹ ਬ੍ਰਹਮ ਗਿਆਨ ਸੰਪੂਰਨ ਮਾਨਵਤਾ ਦਾ ਕਲਿਆਣ ਤੇ ਮਾਰਗ ਦਰਸ਼ਨ ਕਰ ਸਕਦਾ ਹੈ।

ਸਦਾਚਾਰਕ ਤੇ ਅਧਿਆਤਮਿਕ ਲਿਹਾਜ਼ ਨਾਲ ਗੀਤਾ, ਧੱਮਪਦ ਤੇ ਜਪੁਜੀ ਦੀ ਸਿਖਿਆ ਆਪਸ ਵਿਚ ਮਿਲਦੀ ਜੁਲਦੀ ਹੈ। ਇਨ੍ਹਾਂ ਤਿੰਨਾਂ ਦਾ ਉਦੇਸ਼ ਹੈ ਵਿਅਕਤੀਗਤ ਤੇ ਸਮਾਜੀ ਤੌਰ ਤੇ ਜਗਤ ਵਿਚ ਸੰਪੂਰਨ ਜਾਂ ਯੋਗਮਈ ਆਚਰਣ ਵਾਲਾ ਨਾਮ ਸ਼ਬਦ ਜਾਂ ਸੱਚ ਵਾਲਾ ਸੁਵਰਗੀ ਜੀਵਨ ਤਿਆਰ ਕਰਨਾ । ਇਹ ਤਿੰਨੇ ਕਹਿੰਦੇ ਹਨ ਕਿ ਮਨੁੱਖ ਤੇ ਉਹਦੇ ਸਮਾਜ ਨੂੰ ਮਾਦੇ ਤੇ ਮਾਨ ਦੀ ਦੁਨੀਆ ਤੋਂ ਉਪਰ ਉੱਠ ਕੇ ਆਤਮ ਮੰਡਲਾਂ ਵਿਚ ਜੀਵਨ ਬਤੀਤ ਕਰਨਾ ਚਾਹੀਦਾ ਹੈ । ਪਰਮੇਸ਼ਰ ਸਾਖਿਆਤਕਾਰ ਦਾ ਜੀਵਨ ਜੀਵਿਆ ਜਾਏ । ਵਾਸਤਵਿਕ ਅਨੁਭਵ ਨੂੰ ਪਰਫੁਲਤ ਕਰਕੇ ਸੱਚ ਤੇ ਨਾਮ ਦਾ, ਸਤਿਨਾਮ ਦਾ ਜੀਵਨ ਜੀਵਿਆ ਜਾਏ ਤੇ ਉਸ ਦਾ ਪੂਰਾ ਪੂਰਾ ਆਨੰਦ ਮਾਣਿਆ ਜਾਏ। ਇਨ੍ਹਾਂ ਤਿੰਨਾਂ ਰਚਨਾਵਾਂ ਵਿਚ ਕਰਮ, ਗਿਆਨ ਤੇ ਭਗਤੀ ਦਾ ਸੁਮੇਲ ਹੈ।

ਕਈ ਲੋਕਾਂ ਦੀ ਇਹ ਰਾਏ ਹੈ ਕਿ ਮਹਾਤਮਾ ਬੁੱਧ ਨਾਸਤਕ ਸਨ, ਪਰੰਤੂ ਇਹ ਗੱਲ ਠੀਕ ਨਹੀਂ। ਮਹਾਤਮਾ ਬੁੱਧ ਯਕੀਨਨ ਪਰਮਾਤਮਾ ਨੂੰ ਮੰਨਦੇ ਸਨ ਤੇ ਉਹ ਉਨ੍ਹਾਂ ਲਈ ਸੱਚ, ਨਿਰਵਾਣ, ਬ੍ਰਹਮ ਆਦਿ ਸ਼ਬਦ ਵਰਤਦੇ ਸਨ ਪਰ ਉਨ੍ਹਾਂ ਬਾਬਤ ਜ਼ਿਆਦਾ ਵਾਦ ਵਿਵਾਦ ਵਿਚ ਪੈਣ ਲਈ ਤਿਆਰ ਨਹੀਂ ਸਨ । ਜਦ ਕਦੇ ਕੋਈ ਉਨ੍ਹਾਂ ਤੋਂ ਪਰਮਾਤਮਾ ਸਬੰਧੀ ਕੋਈ ਸੁਆਲ ਪੁਛਦਾ ਸੀ ਤਾਂ ਉਹ ਆਮ ਤੌਰ ਤੇ ਚੁੱਪ ਰਹਿੰਦੇ ਸਨ ਸਗੋਂ ਉਹ ਤਾਂ ਕਹਿੰਦੇ ਸਨ ਕਿ ਪਰਮਾਤਮਾ ਨੂੰ ਬਾਣੀ ਨਾਲੋਂ ਕਰਮ ਨਾਲ ਪਰਗਟ ਕਰਨਾ ਜ਼ਿਆਦਾ ਚੰਗਾ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ 26ਵੀਂ ਪਉੜੀ ਵਿਚ ਫੁਰਮਾਇਆ ਹੈ ਕਿ ਪਰਮਾਤਮਾ ਦੇ ਆਪਣੇ ਉਸਾਰੇ ਹੋਏ ਅਨੇਕਾਂ, ਬੁੱਧ ਉਸਦੇ ਗਿਆਨ ਨੂੰ ਵਰਣਨ ਕਰ ਰਹੇ ਹਨ। ਉਨ੍ਹਾਂ ਨੇ ਮਹਾਤਮਾ ਬੁੱਧ ਨੂੰ ਜਪੁਜੀ ਦੇ ਗਿਆਨ ਖੰਡ ਵਿਚ ਬ੍ਰਹਮ ਗਿਆਨੀ ਦੀ ਪਦਵੀ ਦਿੱਤੀ ਹੈ। ਇਸ ਲਈ ਇਹ ਸਾਫ਼ ਜ਼ਾਹਿਰ ਹੈ ਕਿ ਉਹ ਮਹਾਤਮਾ ਬੁੱਧ ਨੂੰ ਸੱਚਾ ਆਸਤਕ ਤੇ ਆਰਫ਼ ਮੰਨਦੇ ਸਨ।

ਗੌਤਮ ਬੁੱਧ ਮਹਾਨ ਚਿੰਤਕ ਸਨ। ਉਹ ਉਨੱਤੀ ਵਰ੍ਹੇ ਦੀ ਆਯੂ ਵਿਚ ਸੱਚ ਦੀ ਖੋਜ ਲਈ ਮਨੁੱਖ ਦੇ ਦੁੱਖਾਂ ਤਕਲੀਫਾਂ ਦਾ ਕਾਰਣ ਢੂੰਡਣ ਲਈ, ਸਾਰੇ ਸ਼ਾਹੀ ਸੁੱਖਾਂ ਤੇ ਪਤਨੀ ਪੁੱਤਰ ਦਾ ਮੋਹ ਤਿਆਗ, ਗਿਆਨ ਪਰਾਪਤੀ ਲਈ ਸੰਨਿਆਸੀ ਬਾਣਾ ਧਾਰਣ ਕਰ ਨਿਕਲ ਪਏ ਛੇ ਸਾਲ ਘੋਰ ਤਪੱਸਿਆ ਕੀਤੀ। ਗੌਤਮ ਨੂੰ ਗਿਆਨ ਪਰਾਪਤ ਹੋਇਆ ਤੇ ਉਹ ਬੁੱਧ ਕਹਿਲਾਏ। ਉਨ੍ਹਾਂ ਨੇ ਕੋਰਾ ਉਪਦੇਸ਼ ਨਹੀਂ ਦਿੱਤਾ ਸਗੋਂ ਉਸ ਤੇ ਅਮਲ ਕੀਤਾ। ਵਿਸ਼ਵਾਸ ਨਹੀਂ ਅਭਿਆਸ ਉਨ੍ਹਾਂ ਦੀ ਸਿਖਿਆ ਦਾ ਆਧਾਰ ਹੈ। ਪ੍ਰਾਣੀ ਮਾਤਰ ਦੇ ਹਿੱਤ ਲਈ ਕਲਿਆਣ ਲਈ 45 ਸਾਲ ਉਨ੍ਹਾਂ ਨੇ ਦੇਸ਼ ਦੇ ਕੋਨੇ ਕੋਨੇ ਵਿਚ ਭ੍ਰਮਣ ਕੀਤਾ।

ਬੁੱਧ ਯੋਗੀ ਸੀ, ਰਿਸ਼ੀ ਸੀ, ਮੁਨੀ ਸੀ, ਗਿਆਨੀ ਸੀ। ਉਸਨੇ ਦੁੱਖ ਵਰਗੇ ਵੱਡੇ ਰੋਗ ਤੋਂ ਮੁਕਤ ਹੋਣ ਦੀ ਦਵਾਈ ਦੱਸੀ। ਬੁੱਧ ਧਰਮ ਕੇਵਲ ਸਦਾਚਾਰਕ ਨਿਯਮਾਂ ਦਾ ਸੰਗ੍ਰਹਿ ਨਹੀਂ, ਇਕ ਦਰਸ਼ਨ ਹੈ, ਜੀਵਨ ਜਾਚ ਹੈ। ਧਰਮ ਮੋਕਸ਼ ਪਰਾਪਤੀ ਦਾ ਮਾਰਗ ਹੈ, 'ਧਮਪੱਦ' ਦੁਨੀਆ ਦੀ ਸਦੀਵੀ ਪੁਸਤਕ ਹੈ। ਇਹ ਇਕ ਰਾਸ਼ਟਰ ਜਾਂ ਸਮੇਂ ਲਈ ਨਹੀਂ। ਇਹ ਸਾਧਾਰਣ ਵਿਅਕਤੀ ਤੇ ਵਿਦਵਾਨ ਦੋਹਾਂ ਨੂੰ ਆਕਰਸ਼ਿਤ ਕਰਦੀ ਹੈ। ਇਹ ਗਿਆਨ ਦੇ ਮੋਤੀਆਂ ਨਾਲ ਭਰਪੂਰ ਪੁਸਤਕ ਹੈ। ਜਿਸ ਤੋਂ ਕਿਸੇ ਵੀ ਦੇਸ਼ ਤੇ ਧਰਮ ਦਾ ਵਿਅਕਤੀ ਲਾਭ ਉਠਾ ਸਕਦਾ ਹੈ ਅਤੇ ਇਸ ਦੇ ਸੁਨਹਿਰੀ ਨਿਯਮਾਂ ਨੂੰ ਜੀਵਨ ਵਿਚ ਢਾਲ ਕੇ ਆਤਮਿਕ ਸ਼ਾਂਤੀ ਪਰਾਪਤ ਕਰ ਸਕਦਾ ਹੈ । ਇਹ ਨਾਵਲ ਦੀ ਤਰ੍ਹਾਂ ਇਕ ਵਾਰੀ ਪੜ੍ਹ ਕੇ ਛੱਡ ਦੇਣ ਵਾਲੀ ਪੁਸਤਕ ਨਹੀਂ। ਇਸ ਵਿਚ ਸਚਾਈ ਤੇ ਗਿਆਨ ਦੇ ਮੋਤੀ ਪਰੋਏ ਹੋਏ ਹਨ ਜਿਨ੍ਹਾਂ ਨੂੰ ਵਾਰੀ ਵਾਰੀ ਪੜ੍ਹਨ ਦਾ ਮਨ ਕਰਦਾ ਹੈ ਤੇ ਅਦੁਤੀ ਸ਼ਾਂਤੀ ਦਾ ਅਨੁਭਵ ਹੁੰਦਾ ਹੈ।

ਭਗਵਾਨ ਬੁੱਧ ਨੇ ਇਸ ਗ੍ਰੰਥ ਵਿਚ ਪਿਆਰ, ਅਹਿੰਸਾ, ਸਹਿਨਸ਼ੀਲਤਾ, ਮਿੱਤਰਤਾ, ਕਰੁਣਾ, ਸਵੈ ਸੰਜਮ ਤੇ ਸ਼ੁਧ ਆਚਰਣ ਤੇ ਬਲ ਦਿੱਤਾ ਹੈ। ਉਨ੍ਹਾਂ ਦੀ ਸਿਖਿਆ ਜਾਤੀ ਭੇਦ ਤੇ ਵਰਗ ਭੇਦ ਤੋਂ ਉਪਰ ਉਠ ਕੇ ਮਾਨਵਤਾਵਾਦ, ਵਿਸ਼ਵ-ਭਾਈਚਾਰਾ ਤੇ

ਵਿਸ਼ਵਸ਼ਾਂਤੀ ਦਾ ਉਪਦੇਸ਼ ਦਿੰਦੀ ਹੈ। ਮਨੁੱਖ, ਮਨੁੱਖ ਵਿਚਕਾਰ ਪਿਆਰ ਦੀ ਸਾਂਝ ਪੈਦਾ ਕਰਦੀ ਹੈ, ਬੁੱਧ ਤਾਤਵਿਕ ਤੇ ਸਿਧਾਂਤਿਕ ਵਾਦਵਿਵਾਦ ਵਿਚ ਨਹੀਂ ਪਏ ਬਲਕਿ ਉਹ ਨੈਤਿਕ ਤੇ ਸਦਾਚਾਰਕ ਉੱਨਤੀ ਲਈ ਕੁਝ ਸਰਲ ਤੇ ਸਾਦੇ ਨਿਯਮ ਦਸਦੇ ਹਨ। ਇਸ ਲਈ ਉਹ ਅੱਜ ਦੇ ਵਿਗਿਆਨਿਕ ਤੇ ਗਣਤੰਤਰੀ ਯੁੱਗ ਦੀ ਆਤਮਾ ਦੇ ਅਨੁਕੂਲ ਹਨ। ਇਹੀ ਕਾਰਣ ਹੈ ਕਿ ਸੰਸਾਰ ਵਿਚ ਬੁੱਧ ਧਰਮ ਦੇ ਅਧਿਐਨ ਦੀ ਰੁਚੀ ਵਧਦੀ ਜਾ ਰਹੀ ਹੈ। ਭਾਰਤ ਵਿਚ ਭਾਵੇਂ ਬੁੱਧ ਧਰਮ ਦਾ ਪ੍ਰਭਾਵ ਲਗਭਗ ਖਤਮ ਹੋ ਚੁੱਕਾ ਹੈ ਪਰੰਤੂ ਬੁੱਧ ਦੇ ਪ੍ਰੇਮ, ਕਰੁਣਾ ਤੇ ਅਹਿੰਸਾ ਦੇ ਸਿਧਾਂਤ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੇ ਆਧਾਰ ਹਨ। ਆਧੁਨਿਕ ਯੁੱਗ ਵਿਚ ਮਹਾਤਮਾ ਗਾਂਧੀ ਦਾ ਪ੍ਰੇਮ ਤੇ ਅਹਿੰਸਾ ਉਤੇ ਬਲ ਭਗਵਾਨ ਬੁੱਧ ਤੋਂ ਹੀ ਪ੍ਰੇਰਿਤ ਸੀ।

ਪਾਲੀ ਭਾਸ਼ਾ ਵਿਚ ਲਿਖੇ ਗ੍ਰੰਥ 'ਧੱਮਪਦ' ਦਾ ਅਨੁਵਾਦ ਸੰਸਾਰ ਦੀਆਂ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਕੀਤਾ ਜਾ ਚੁੱਕਾ ਹੈ। ਤਿੱਬਤੀ, ਚੀਨੀ, ਮੱਧ ਏਸ਼ੀਆਈ, ਸਿੰਘਾਲੀ, ਬਰ੍ਮੀ ਆਦਿਕ ਭਾਸ਼ਾਵਾਂ ਵਿਚ ਇਸ ਦੇ ਅਨੁਵਾਦ ਸੈਂਕੜੇ ਵਰ੍ਹੇ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਹਨ। ਆਧੁਨਿਕ ਯੁੱਗ ਵਿਚ ਅੰਗ੍ਰੇਜ਼ੀ, ਜਰਮਨ, ਫਰਾਂਸੀਸੀ, ਇਤਾਲਵੀ, ਸਪੇਨੀ,ਡਚ, ਰੂਸੀ, ਜਾਪਾਨੀ, ਹਿੰਦੀ, ਬੰਗਲਾ, ਗੁਜਰਾਤੀ, ਮਰਾਠੀ, ਉਰਦੂ, ਸੰਸਕ੍ਰਿਤ ਆਦਿਕ ਅਨੇਕ ਭਾਸ਼ਾਵਾਂ ਵਿਚ ਅਨੁਵਾਦ ਬਹੁਤ ਪਹਿਲਾਂ ਹੋ ਚੁੱਕੇ ਹਨ। ਪੰਜਾਬੀ ਵਿਚ ਡਾਕਟਰ ਐਲ.ਐਮ. ਜੋਸ਼ੀ ਅਤੇ ਡਾਕਟਰ ਸ਼ਾਰਦਾ ਗਾਂਧੀ ਦੁਆਰਾ ਕੀਤਾ ਅਨੁਵਾਦ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ।

ਮੇਰੇ ਪਿਤਾ ਜੀ ਸਵਰਗਵਾਸੀ ਪ੍ਰੋਫੈਸਰ ਹਰਨਾਮ ਦਾਸ ਜੀ ਦਾ ਸੰਪੂਰਨ ਜੀਵਨ ਧਰਮ ਤੇ ਸਾਹਿਤ ਸਾਧਨਾ ਨੂੰ ਸਮਰਪਿਤ ਸੀ। ਉਨ੍ਹਾਂ ਦੇ ਅਧਿਐਨ ਦਾ ਮੁੱਖ ਖੇਤਰ ਵੱਖ ਵੱਖ ਧਰਮਾਂ ਦਾ ਤੁਲਨਾਤਮਿਕ ਅਧਿਐਨ ਕਰਨਾ ਸੀ। ਗੁਰਬਾਣੀ ਦਾ ਚਿੰਤਨ ਤੇ ਮਨਨ ਉਹ ਹਮੇਸ਼ਾ ਕਰਦੇ ਰਹੇ। ਗੁਰਬਾਣੀ ਤੇ ਉਨ੍ਹਾਂ ਨੇ ਬਹੁਤ ਲਿਖਿਆ । ਸਾਲਾਂ ਬੱਧੀ ਉਨ੍ਹਾਂ ਦੇ ਲੇਖ 'ਸਿੱਖ ਗੀਵੀਊ' ਤੇ 'ਸਪੋਕਸਮੈਨ' ਵਿਚ ਪ੍ਰਕਾਸ਼ਿਤ ਹੁੰਦੇ ਰਹੇ। ਗੀਤਾ ਦੇ ਸ਼ਬਦਾਂ ਵਿਚ ਉਨ੍ਹਾਂ ਦਾ ਜੀਵਨ ਨਿਸ਼ਕਾਮ ਕਰਮ ਤੇ ਸੇਵਾ ਦਾ ਜੀਵਨ ਸੀ । ਉਨ੍ਹਾਂ ਦੁਆਰਾ ਕੀਤਾ ਗਿਆ ਗੀਤਾ ਦਾ ਕਾਵਿ ਅਨੁਵਾਦ 'ਗੀਤਾ ਅੰਮ੍ਰਿਤ' ਦੇ ਨਾਂ ਹੇਠ ਲਾਹੌਰ ਬੁਕ ਸ਼ਾਪ ਵੱਲੋਂ 1990 ਵਿਚ ਪ੍ਰਕਾਸ਼ਿਤ ਹੋ ਚੁਕਿਆ ਹੈ। 'ਗੀਤਾ ਅੰਮ੍ਰਿਤ' ਨੂੰ ਸੁਹਿਰਦ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ । ਹਿੰਦੀ ਦੇ ਪ੍ਰਮੁੱਖ ਸਾਹਿਤਕਾਰ ਤੇ ਮਹਾਨ ਵਿਦਵਾਨ ਡਾਕਟਰ ਮਨਮੋਹਨ ਸਹਿਗਲ 'ਗੀਤਾ ਅੰਮ੍ਰਿਤ' ਨੂੰ ਇਸ ਸ਼ਤਾਬਦੀ ਦੇ ਪੰਜਾਬੀ ਸਾਹਿਤ ਦੀ ਇੱਕ ਵਿਸ਼ੇਸ਼ ਪ੍ਰਾਪਤੀ ਦਸਦੇ ਹਨ। ਪੰਜਾਬੀ ਦੇ ਪ੍ਰਸਿਧ ਵਿਦਵਾਨ ਤੇ ਆਲੋਚਕ ਡਾ. ਹਿੰਮਤ ਸਿੰਘ ਸੋਢੀ ਇਸ ਪੁਸਤਕ ਦੀ ਪ੍ਰਸ਼ੰਸਾ ਕਰਦੇ ਹੋਏ ਕਹਿੰਦੇ ਹਨ :-

"ਹਰਨਾਮ ਦਾਸ ਦੇ ' ਗੀਤਾ ਅੰਮ੍ਰਿਤ' ਦੀ ਵਡਿਆਈ ਇਹ ਹੈ ਕਿ ਉਸ ਨੇ ਸੰਸਕ੍ਰਿਤ ਦੇ ਸ਼ਲੋਕਾਂ ਦੇ ਸਮਤੋਲ ਅਨੁਸਾਰ ਵਜ਼ਨ ਬਰਕਰਾਰ ਰਖਦੇ ਹੋਏ ਬੜੇ ਮਨੋਯੋਗ ਤੇ ਸ਼ਰਧਾ ਨਾਲ ਕਾਵਿ ਅਨੁਵਾਦ ਕਰਦੇ ਹੋਏ ਅਠਾਰਾਂ ਹੀ ਅਧਿਆਇਆਂ ਦੇ ਸ਼ਲੋਕਾਂ ਦੀ ਸਮਾਨ ਸੰਖਿਆ ਪੇਸ਼ ਕੀਤੀ ਹੈ।"

ਧੱਮਪਦ ਦਾ ਇਹ ਪੰਜਾਬੀ ਕਾਵਿ-ਅਨੁਵਾਦ ਇਸੇ ਲੜੀ ਨੂੰ ਅੱਗੇ ਤੋਰਨ ਦਾ ਯਤਨ ਹੈ। ਪ੍ਰੋ. ਹਰਨਾਮ ਦਾਸ ਦੇ ਸ਼ਬਦਾਂ ਵਿਚ "ਪੁਸਤਕ ਨੂੰ ਚੌਬਰਗਿਆਂ ਵਿਚ ਪੇਸ਼ ਕਰਦੇ ਹੋਏ ਕੇਵਲ ਅੱਖਰੀ ਉਲਥਾ ਨਹੀਂ ਕੀਤਾ ਗਿਆ ਸਗੋਂ ਲੋੜ ਅਨੁਸਾਰ ਸੀਮਿਤ ਹੱਦਾਂ ਦੇ ਅੰਦਰ ਕੁਝ ਨਾ ਕੁਝ ਵਿਆਖਿਆ ਵਾਲੇ ਨੋਟ ਵੀ ਦਿਤੇ ਗਏ ਹਨ ਪਰ ਉਨ੍ਹਾਂ ਨੂੰ ਅਸਲ ਵਿਸ਼ੇ ਦੀ ਗੁੰਜਾਇਸ਼ ਤੋਂ ਪਰੇ ਨਹੀਂ ਜਾਣ ਦਿੱਤਾ ਗਿਆ।"

'ਧੱਮਪਦ' ਦਾ ਪੰਜਾਬੀ ਵਿਚ ਕਾਵਿ ਮਈ ਅਨੁਵਾਦ ਮੇਰੇ ਦੇਖਣ ਵਿਚ ਨਹੀਂ ਆਇਆ। ਇਹ ਅਨੁਵਾਦ ਇਸ ਘਾਟ ਨੂੰ ਪੂਰਾ ਕਰੇਗਾ । ਆਸ ਹੈ ਸੁਹਿਰਦ ਪਾਠਕ ਇਸ ਪੁਸਤਕ ਨੂੰ ਪਸੰਦ ਕਰਨਗੇ ਜਿਹੜੀ ਕਿ ਮੇਰੀ ਵੀ ਅਣਥਕ ਮਿਹਨਤ ਦਾ ਸਿੱਟਾ ਹੈ ਤੇ ਮੇਰੇ ਪਿਤਾ ਜੀ ਦੇ ਹੋਰ ਅਨੇਕ ਹੱਥ ਲਿਖਤ ਖਰੜੇ ਜੋ ਮੇਰੇ ਕੋਲ ਪਏ ਹਨ, ਨੂੰ ਪ੍ਰਕਾਸ਼ਿਤ ਕਰਾਉਣ ਦੀ ਪ੍ਰੇਰਨਾ ਦੇਣਗੇ।

ਡਾ. ਅੰਮ੍ਰਿਤ ਕੌਰ ਰੈਣਾ

ਪ੍ਰਵੇਸ਼ਿਕਾ

ਵੈਰ ਵੈਰ ਦੇ ਨਾਲ ਨਾ ਕਦੇ ਹੋ ਸਕਦਾ ਹੈ ਸ਼ਾਂਤ
ਵੈਰ ਤਾਂ ਮਿਟਦੈ ਨਾਲ ਮਿਤਰਤਾ ਇਹ ਹੈ ਧਰਮ ਸਿਧਾਂਤ (5)

ਅਜ ਦੀ ਦੁਨੀਆ ਵਿਚ ਅਸ਼ਾਂਤੀ, ਹਿੰਸਾ ਤੇ ਆਤੰਕਵਾਦ ਦਾ ਬੋਲਬਾਲਾ ਹੈ। ਮਨੁੱਖ ਦਾ ਲਹੂ ਸਸਤਾ ਹੋ ਗਿਆ ਹੈ। ਸਾਡਾ ਜੀਵਨ ਸੁਰਖਿਅਤ ਨਹੀਂ। ਕਦੋਂ ਕਿਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਏਗਾ ਕੁਝ ਪਤਾ ਨਹੀਂ। ਅਸੀਂ ਮਾਦਾ ਪ੍ਰਸਤ ਬਣਦੇ ਜਾ ਰਹੇ ਹਾਂ। ਧਨ ਹੀ ਸਾਡਾ ਦੀਨ ਤੇ ਈਮਾਨ ਬਣਦਾ ਜਾ ਰਿਹਾ ਹੈ। ਪੈਸੇ ਦੀ ਖਾਤਰ ਅਸੀਂ ਆਪਣੀ ਆਤਮਾ ਨੂੰ ਵੇਚ ਸਕਦੇ ਹਾਂ। ਤ੍ਰਿਸ਼ਨਾਂ ਦੀ ਘੁੰਮਣ ਘੇਰੀ ਵਿਚ ਪਏ ਅਸੀਂ ਆਤਮਿਕ ਸ਼ਾਂਤੀ ਗੁਆ ਬੈਠੇ ਹਾਂ। ਅਸੀਂ ਸਵੈ-ਕੇਂਦਰਿਤ ਬਣ ਗਏ ਹਾਂ। ਸੇਵਾ ਤਿਆਗ ਦੀ ਭਾਵਨਾ ਵਿਰਲੀ ਨਜ਼ਰ ਆਉਂਦੀ ਹੈ। ਅਜੋਕੇ ਮਾਹੌਲ ਵਿਚ ਭਗਵਾਨ ਬੁੱਧ ਦੀ ਸਿਖਿਆ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਪਿਆਰ, ਨੇਕੀ ਤੇ ਕਰੁਣਾ ਦਾ ਅੰਮ੍ਰਿਤ ਪਿਲਾ ਕੇ ਸਾਡੀ ਰੂਹ ਨੂੰ ਠਾਰਦੀ ਹੈ ਅਸਾਡੇ ਅਸ਼ਾਂਤ ਮਨ ਨੂੰ ਸ਼ਾਂਤ ਕਰਦੀ ਹੈ। ਤਨਾਓ ਭਰਪੂਰ ਅੱਜ ਦੀ ਜ਼ਿੰਦਗੀ ਵਿਚ ਬੁੱਧ ਦੇ ਯੋਗ ਤੇ ਮਨਨ ਦਾ ਮਾਰਗ ਸਾਨੂੰ ਦੁਖਾਂ ਤੇ ਤਕਲੀਫਾਂ ਤੋਂ ਛੁਟਕਾਰਾ ਪਾਉਣ ਦਾ ਰਾਜ ਮਾਰਗ ਦਸਦਾ ਹੈ। ਅੱਜ ਦੀ ਬੰਬਾਂ ਦੀ ਦੁਨੀਆ ਵਿਚ ਬੁੱਧ ਦਾ ਪਿਆਰ ਤੇ ਅਹਿੰਸਾ ਦਾ ਸੁਨੇਹਾ ਅਸ਼ਾਂਤ ਵਾਤਾਵਰਣ ਨੂੰ ਸ਼ਾਂਤ ਕਰਨ ਵਿਚ ਮਹਾਨ ਯੋਗਦਾਨ ਦੇ ਸਕਦਾ ਹੈ।

ਧੱਮਪਦ ਵਿਚ 423 ਸ਼ਲੋਕ ਹਨ ਤੇ ਉਨ੍ਹਾਂ ਨੂੰ 26 ਅਧਿਆਵਾਂ ਵਿਚ ਵੰਡਿਆ ਗਿਆ ਹੈ। ਸਭ ਤੋਂ ਪਹਿਲਾਂ ਯਮਕ ਵਰਗ (ਯਮਕ ਵਗੋਂ) ਆਉਂਦਾ ਹੈ ਜਿਸ ਵਿਚ ਮਿਸ਼ਰਿਤ ਪਦ ਹਨ। ਭਗਵਾਨ ਬੁੱਧ ਕਰਮਫ਼ਲ ਨੂੰ ਮੰਨਦੇ ਹਨ। ਕਰਮਾਂ ਦਾ ਨਤੀਜਾ ਭੋਗਣਾ ਪੈਂਦਾ ਹੈ। ਕਰਨੀ ਦਾ ਫ਼ਲ ਅਵਸ਼ ਮਿਲਦਾ ਹੈ। ਉਹ ਕਹਿੰਦੇ ਹਨ, "ਕਰਮ ਮੇਰੀ ਸੰਪਤੀ ਹਨ। ਆਪਣੇ ਕਰਮਾਂ ਦੇ ਸਾਂਚੇ ਵਿਚ ਮੈਂ ਢਲਿਆ ਹਾਂ ਪਰ ਇਨ੍ਹਾਂ ਕਰਮਾਂ ਨੂੰ ਸਾਂਚੇ ਵਿਚ ਢਾਲਦਾ ਕੌਣ ਹੈ ? ਸਾਡੇ ਵਿਚਾਰ ਸਾਡੇ ਭਾਵ ਜੋ ਸਾਡੇ ਮਨ ਤੋਂ ਪੈਦਾ ਹੁੰਦੇ ਹਨ।" 'ਧੱਮਪਦ' ਦਾ ਪਹਿਲਾ ਸਲੋਕ ਹੈ :-

"ਜੀਵਨ ਦੇ ਭਾਵਾਂ ਦਾ ਮੁੱਢ ਤਾਂ ਸਚਮੁਚ ਮਨ ਤੋਂ ਹੁੰਦੇ।
ਮਨ ਹੀ ਹੈ ਪਰਧਾਨ ਉਨ੍ਹਾਂ ਦਾ ਉਹਨੇ ਸਾਰੇ ਮਨ ਮਯ" (1)

ਮਨ ਸਾਡੇ ਕੰਮਾਂ ਨੂੰ ਰੂਪ ਤੇ ਅਕਾਰ ਦਿੰਦਾ ਹੈ। ਮਨੁੱਖ ਦੀ ਜ਼ਿੰਦਗੀ ਵਿਚ ਮਨ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਸਾਡੇ ਕੰਮ ਸਾਡੇ ਮਨ ਦੇ ਅਨੁਸਾਰ ਹੁੰਦੇ ਹਨ। ਚੰਗੇ ਵਿਚਾਰਾਂ ਰਾਹੀਂ ਸਾਡਾ ਜੀਵਨ ਬਦਲ ਜਾਂਦਾ ਹੈ। ਚੰਗੇ ਵਿਚਾਰ ਚੰਗੇ ਕੰਮਾਂ ਦੇ ਜਨਮਦਾਤਾ ਹਨ ਜੋ ਮਾਨਸਿਕ ਸ਼ਾਂਤੀ ਪ੍ਰਵਾਨ ਕਰਦੇ ਹਨ। ਪ੍ਰਸੰਨ ਰਹਿਣ ਲਈ ਚੰਗੇ.ਮਨ ਤੇ ਦਿਲ ਦੀ ਜ਼ਰੂਰਤ ਹੈ ਜੋ ਚੰਗੇ ਕੰਮਾਂ ਵਿਚ ਪ੍ਰਗਟ ਹੁੰਦਾ ਹੈ।

"ਜਨ ਪਿੱਛੇ ਜਿਉਂ ਜਾਵੇ ਛਾਇਆ ਤੇ ਨਾਂ ਉਸ ਨੂੰ ਛੱਡੇ।
ਈਕਣ ਚੰਗੇ ਮਨ ਦੇ ਪਿੱਛੇ ਸੁਖ ਹਮੇਸ਼ਾ ਲਗੇ" (2)

ਕਾਬੂ ਮਨ ਪ੍ਰਸੰਨਤਾ ਦਾ ਕਾਰਣ ਹੈ। ਚੰਚਲ ਤੇ ਬੇਸੰਜਮ ਮਨ ਦੁੱਖ ਦਿੰਦਾ ਹੈ। ਮਾੜੇ ਮਨ ਤੋਂ ਮਾੜੇ ਵਿਚਾਰ ਪੈਦਾ ਹੁੰਦੇ ਹਨ। ਜਿਹੜੇ ਦੁਖਦਾਈ ਹਨ।

"ਬਲਦ ਵਾਲੇ ਪੈਰਾਂ ਨੂੰ ਜਿਉ ਚਕਰ ਛੱਡੇ ਨਾਹੀ।
ਈਕਣ ਭੈਣੇ ਜਨ ਦੇ ਮਨ ਤੋਂ ਦੁੱਖ ਨਾ ਕਦੀ ਟਲੈ।" (1)

ਭਗਵਾਨ ਬੁੱਧ ਆਪਣੇ ਉਪਦੇਸ਼ਾਂ ਵਿਚ ਸਦਾਚਾਰ ਤੇ ਸੰਜਮ ਤੇ ਬਲ ਦਿੰਦੇ ਹਨ ਪਰ ਸਦਾਚਾਰ ਤੇ ਸੰਜਮ ਦੇ ਮਾਰਗ ਤੇ ਵੀ ਉਹ ਵਿਅਕਤੀ ਚਲ ਸਕਦਾ ਹੈ ਜਿਸ ਦਾ ਮਨ ਕਾਬੂ ਵਿਚ ਹੈ ਕਿਉਂਕਿ ਬੇਕਾਬੂ ਮਨ ਵਿਚ ਬੁਰੇ ਵਿਚਾਰ, ਬੁਰੀਆਂ ਭਾਵਨਾਵਾਂ ਆਸਾਨੀ ਨਾਲ ਦਾਖਿਲ ਹੋ ਜਾਂਦੀਆਂ ਹਨ ਜਿਵੇਂ ਕਿ

" ਕੁਛੱਤੇ ਥਾਂ ਅੰਦਰ ਜੀਕਣ ਵਰਖਾ ਦਾਖਿਲ ਹੋਵੇ।
ਈਕਣ ਮੈਲੇ ਮਨ ਦੇ ਅੰਦਰ ਰਾਗ ਤੇ ਦੋਖ ਸਮੋਵੇ।" (13)

ਚੰਗਾ ਮਨ ਮਜਬੂਤ ਹੁੰਦਾ ਹੈ। ਉਹ ਛੇਤੀ ਛੇਤੀ ਤ੍ਰਿਸ਼ਨਾ ਦਾ ਸ਼ਿਕਾਰ ਨਹੀ ਹੁੰਦਾ। ਮਾੜੇ ਵਿਚਾਰ ਤੇ ਭਾਵ ਉਸਦੇ ਮਨ ਵਿਚ ਇਸ ਤਰ੍ਹਾਂ ਦਾਖਿਲ ਨਹੀਂ ਹੁੰਦੇ ਜਿਵੇਂ :-

"ਸੁਛੱਤੇ ਥਾਂ ਅੰਦਰ ਜੀਕਣ ਵਰਖਾ ਜਾ ਨਾ ਸਕੇ
ਚੰਗੇ ਮਨ ਵਿਚ ਰਾਗ ਦੋਖ ਇੰਜ ਫੇਰਾ ਪਾ ਨਾ ਸਕੇ।
ਜਿਸ ਦੇ ਮਨ ਦੇ ਉਪਰ ਰਹਿੰਦੇ ਜਤ ਦਾ ਪਹਿਰੇਦਾਰ
ਉਹ ਵਿਸ਼ਿਆਂ ਦੇ ਫੰਦੇ ਅੰਦਰ ਕਦੇ ਆ ਨਾ ਸਕੇ।" (14)

ਪਾਪ ਦੁਖਾਂ ਦਾ ਕਾਰਣ ਹਨ। ਨੇਕ ਕੰਮਾਂ ਵਿਚ ਰੁਝਿਆ ਮਨ ਸ਼ਾਂਤੀ ਪ੍ਰਦਾਨ ਕਰਦਾ ਹੈ।

"ਲੋਕ ਤੇ ਪਰਲੋਕ ਦੇ ਅੰਦਰ ਪਾਪੀ ਸੋਗੀ ਹੋਵੇ।
ਦੋਹੀਂ ਜਹਾਨੀ ਉਹ ਤਾਂ ਆਪਣੇ ਮੰਦ ਭਾਵਾਂ ਨੂੰ ਰੋਵੇ"। (15)

ਲੋਕ ਅਤੇ ਪਰਲੋਕ ਦੇ ਅੰਦਰ ਧਰਮੀ ਪਾਣ ਵਿਗਾਸ।
ਚੰਗੇ ਕੰਮਾਂ ਕਾਰਣ ਪਾਵਣ ਉਹ ਜੀਵਨ ਦੀ ਰਾਸ। (16)

ਧਰਮੀ ਬੰਦੇ ਆਪ ਵੀ ਤਰ ਜਾਂਦੇ ਹਨ ਤੇ ਦੂਸਰਿਆਂ ਨੂੰ ਵੀ ਤਾਰਦੇਂ ਹਨ। ਸੋ ਡਰੈ ਜਿ ਪਾਪ ਕਮਾਂਵਦਾ

ਧਰਮੀ ਵਿਗਸੇਤੁ। ਉਨ੍ਹਾਂ ਉਤੇ ਧਰਤੀ ਤੇ ਆਕਾਸ਼

ਫੁੱਲ ਵਰਸਾਂਦੇ ਹਨ। ਸਤ ਮਾਰਗ ਤੇ ਚਲਣਾ ਕਾਲਿਆਣਕਾਰੀ ਹੈ। ਮਾਤਾ ਪਿਤਾ ਤੇ ਬੰਧੂ ਜਨ ਵੀ ਉਤਨਾ ਕਲਿਆਂਣ ਨਹੀਂ ਕਰ ਸਕਦੇ ਜਿਤਨਾ ਸਤ ਮਾਰਗ ਤੇ ਚਲਣ ਵਾਲਾ ਚਿਤ ਕਰਦਾ ਹੈ। ਮੈਲਾ ਮਨ ਦੁਸ਼ਮਨਾਂ ਅਤੇ ਵੈਰੀਆਂ ਤੋਂ ਵੀ ਵਧ ਦੁੱਖਦਾਈ ਹੈ। ਇਸ ਲਈ ਇਸ ਬੇਕਾਬੂ ਤੇ ਚੰਚਲ ਮਨ ਨੂੰ ਕਾਬੂ ਕਰਨਾ ਸਚਮੁਚ ਉੱਤਮ ਕੰਮ ਹੈ।

ਅਸਲੀ ਜੇਤੂ ਜਗ ਵਿਚ ਹੈਵੇ ਆਪੇ ਵਾਲਾ ਜੇਤੂ (103)
ਸਾਰੀ ਦੁਨੀਆ ਜਿੱਤਣ ਨਾਲੋਂ ਮਨ ਜਿੱਤਣਾ ਹੈ ਚੰਗਾ। (104)

ਬੁੱਧ ਦਾ ਉਪਰੋਕਤ ਵਿਚਾਰ ਗੁਰੂ ਨਾਨਕ ਦੇ 'ਮਨਿ ਜੀਤੈ ਜਗੁ ਜੀਤੁ' ਨਾਲ ਕਿੰਨੀ ਸਮਾਨਤਾ ਰਖਦਾ ਹੈ।

'ਚੰਗੇ ਕੰਮ ਕਰੋ ਚੰਗੇ ਬਣੋ' ਕਰਮਾਂ ਦੀ ਚੰਗਿਆਈ ਬੁੱਧ ਧਰਮ ਦਾ ਆਧਾਰ ਹੈ। ਉਹ ਆਪਣੇ ਅਨੁਯਾਈਆਂ ਨੂੰ ਕਹਿੰਦੇ ਹਨ "ਦੁਖਾਂ ਦਾ ਨਾਸ਼ ਕਰਨ ਲਈ ਪਵਿਤਰ ਜੀਵਨ ਬਤੀਤ ਕਰੋ। ਸਦਾਚਾਰ ਰਾਹੀਂ ਚੰਗੇ ਕਰਮਾਂ ਦਾ ਨਿਰਮਾਣ ਹੁੰਦਾ ਹੈ। ਸਦਾਚਾਰ ਆਪਣਾ ਆਪ ਹੀ ਇਨਾਮ ਹੈ। ਧਰਮ ਦੀ ਰਾਹ ਤੇ ਚਲਣ ਵਾਲਾ ਅਦੁੱਤੀ ਖੁਸ਼ੀ ਪਰਾਪਤ ਕਰ ਹਮੇਸ਼ਾ ਪ੍ਰਸੰਨ ਰਹਿੰਦਾ ਹੈ। ਇਸੇ ਤਰ੍ਹਾਂ ਪਾਪ ਦਾ ਫ਼ਲ ਦੁੱਖ ਹੈ। ਪਾਪ ਕਰਮਾਂ ਦਾ ਫਲ ਅਵੱਸ਼ ਮਿਲਦਾ ਹੈ। ਜਿਵੇਂ ਬੂੰਦ ਬੂੰਦ ਕਰਕੇ ਘੜਾ ਭਰ ਜਾਂਦਾ ਹੈ ਇਸੇ ਤਰ੍ਹਾਂ ਥੋੜ੍ਹੇ ਥੋੜ੍ਹੇ ਪਾਪ ਕਰਮਾਂ ਨਾਲ ਪਾਪ ਦਾ ਘੜਾ ਭਰ ਜਾਂਦਾ ਹੈ।

"ਜਲ ਦੇ ਤੁਪਕੇ ਤੁਪਕੇ ਨਾਲ ਭਰ ਜਾਂਦਾ ਹੈ ਘੜਾ
ਥੋੜੇ ਥੋੜੇ ਪਾਪਾਂ ਸਿਉਂ ਇਉਂ ਜਾਂਦੇ ਜੀਵਨ ਭਰਾ।" (121)

ਇਸੇ ਤਰ੍ਹਾਂ ਥੋੜ੍ਹੇ ਥੋੜ੍ਹੇ ਪੁੰਨਾਂ ਨਾਲ ਪੁੰਨਾਂ ਦਾ ਘੜਾ ਭਰ ਜਾਂਦਾ ਹੈ।

"ਜਲ ਦੇ ਤੁਪਕਿਆਂ ਨਾਲ ਜੀਕਣ ਭਰ ਜਾਂਦਾ ਹੈ ਘੜਾ
ਥੋੜੇ ਥੋੜੇ ਪੁੰਨਾਂ ਸਿਉਂ ਇਉਂ ਜਾਂਦੈ ਜੀਵਨ ਭਰਾ।" (122)

ਪਾਪ ਇਕਦਮ ਫ਼ਲ ਨਹੀਂ ਦਿੰਦੇ ਜਿਸ ਤਰ੍ਹਾਂ ਦੁੱਧ ਤੋਂ ਦਹੀ ਇੱਕਦਮ ਨਹੀਂ ਜੰਮਦਾ। ਪਰ ਫਲ ਅਵਸ਼ ਮਿਲਦਾ ਹੈ।

"ਕੀਤਾ ਹੋਇਆ ਪਾਪ ਕਰਮ ਤਾਂ ਇਕਦਮ ਫ਼ਲ ਨਹੀਂ ਦਿੰਦਾ।
ਜੀਕਣ ਦੁੱਧ ਇਕਦਮ ਫ਼ੌਰਨ ਆਪ ਦਹੀਂ ਨਹੀਂ ਹੁੰਦਾ।
ਭਸਮ ਵਿਚ ਪਰ ਲੁਕੀ ਅਗਨੀ ਜੀਕਣ ਜਲਦੀ ਰਹਿੰਦੀ
ਈਕਣ ਗੁੱਝਾਂ ਪਾਪ ਕੁਧਰਮੀ ਤਾਈਂ ਨਾਸ਼ ਹੈ ਕਰਦਾ।" (71)

ਪਾਪੀ ਨੂੰ ਸਜ਼ਾ ਅਵਸ਼ ਮਿਲਦੀ ਹੈ ਚਾਹੇ ਉਹ ਆਕਾਸ਼ ਜਾਂ ਪਤਾਲ ਕਿਤੇ ਹੀ ਕਿਉਂ ਨਾ ਛੁਪ ਜਾਏ।

"ਵਿਚ ਆਕਾਸ਼ ਤੇ ਸਾਗਰ ਅੰਦਰ ਵਿਚ ਪਰਬਤ ਦੀਆਂ ਗਾਰਾਂ
ਵਿਚ ਉਜਾੜਾਂ ਤੇ ਸਹਿਰਾਵਾਂ ਵਿਚ ਬੇਲਿਆਂ ਬਾਰਾਂ
ਜਗ ਦੇ ਅੰਦਰ ਹਰਗਿਜ਼ ਨਾਹੀਂ ਕੋਈ ਅਜਿਹੀ ਥਾਂ
ਜਿੱਥੇ ਪਾਪੀ ਖਾ ਨਾ ਸਕਣ ਨਿੱਜ ਪਾਪਾਂ ਲਈ ਮਾਰਾਂ" (127)

ਜਿੱਥੇ ਪਾਪ ਕਰਮ ਮਾਨਸਿਕ ਸੰਤਾਪ ਪੈਦਾ ਕਰਦੇ ਹਨ। ਨਰਕੀ ਲੈ ਜਾਂਦੇ ਹਨ ਉਥੇ ਪੁੰਨ ਖੁਸ਼ੀ ਪ੍ਰਦਾਨ ਕਰਦੇ ਤੇ ਸਵਰਗ ਦਾ ਭਾਗੀ ਬਣਾਉਂਦੇ ਹਨ।

"ਪਾਪ ਹੈ ਕਰਨਾ ਭੈੜਾ ਕਿਉਂ ਜੋ ਇਹ ਸੰਤਾਪ ਲਿਆਂਦੇ।
ਪਾਪ ਹੈ ਕਰਨਾ ਭੈੜਾ ਕਿਉਂ ਜੋ ਇਹ ਨਰਕੀਂ ਲੈ ਜਾਂਦੇ।
ਪੁੰਨ ਹੈ ਕਰਨਾ ਚੰਗਾ ਕਿਉਂ ਜੋ ਉਹ ਤਾਂ ਦੁੱਖ ਮਿਟਾਂਦੇ।
ਪੁੰਨ ਹੈ ਕਰਨਾ ਚੰਗਾ ਕਿਉਂ ਜੋ ਉਹ ਸੁਰਗੀ ਪਹੁੰਚਾਂਦੇ।" (314)

ਚੰਗੇ ਤੇ ਨੇਕ ਕੰਮਾਂ ਰਾਹੀਂ ਅਸੀਂ ਆਪਣੇ ਲਈ ਖੁਸ਼ੀਆਂ ਦੀ ਸਿਰਜਣਾ ਕਰਦੇ ਹਾਂ। ਪਾਪ ਕਰਮਾਂ ਦਾ ਫ਼ਲ ਅਸੀਂ ਅਨੇਕ ਰੂਪਾਂ ਜਿਵੇਂ ਹਾਨੀ, ਬੀਮਾਰੀ, ਰਾਜਦੰਡ, ਵਿਛੋੜਾ ਆਦਿ ਦੇ ਰੂਪ ਵਿਚ ਭੋਗਦੇ ਹਾਂ।

"ਹਾਨੀ ਦਰਦ ਤੇ ਕੜੀ ਬੀਮਾਰੀ ਪਾਪੀ ਜਗ ਵਿਚ ਪਾਣ
ਰਾਜਦੰਡ ਤੇ ਕੜੇ ਵਿਛੋੜੇ ਤਾਈਂ ਖੁਦ ਅਪਨਾਣ।
ਮਿੱਤ ਮੌਤ ਜਾਂ ਧਨ ਨਾਸ਼ ਜਾਂ ਅੱਗ ਦੇ ਕਸ਼ਟ ਉਠਾਣ।
ਅਤੇ ਓੜਕ ਸਿਧੇ ਕੁੰਭੀ ਨਰਕਾਂ ਅੰਦਰ ਜਾਣ।" (138+139*140)

ਮਹਾਤਮਾ ਬੁੱਧ ਪੁਨਰਜਨਮ ਨੂੰ ਮੰਨਦੇ ਹਨ। ਪੁਨਰਜਨਮ ਕਰਮਾਂ ਦੇ ਅਨੁਸਾਰ ਮਿਲਦਾ ਹੈ। ਜੀਵਨ ਦਾ ਆਰੰਭ ਨਾ ਜਨਮ ਨਾਲ ਹੁੰਦਾ ਹੈ ਨਾ ਅੰਤ ਮਰਨ ਨਾਲ। ਜੀਵਨ ਇਕ ਅਟੁਟ ਲੜੀ ਹੈ ਜਿਸ ਦੀ ਹਰ ਕੜੀ ਜੀਵਨ ਦੇ ਕਰਮਾਂ ਦੁਆਰਾ ਨਿਰਮਿਤ ਹੁੰਦੀ ਹੈ ਤੇ ਆਕਾਰ ਗ੍ਰਹਿਣ ਕਰਦੀ ਹੈ। ਕਰਮਾਂ ਦੁਆਰਾ ਸਾਡੇ ਚਰਿਤਰ ਦਾ ਨਿਰਮਾਣ ਹੁੰਦਾ ਹੈ ਜਿਹੜਾ ਸੰਸਕਾਰਾਂ ਦੇ ਰੂਪ ਵਿਚ ਸਾਡੇ ਨਾਲ ਜਾਂਦਾ ਹੈ।

"ਵਾਸੂ ਥਾਂ ਤੋਂ ਜੀਕਣ ਵਾਯੂ,
ਖੁਸ਼ਬੂ ਤਾਈਂ ਖਿਚ ਲੈ ਜਾਵੇ।
ਮਨ-ਇੰਦਰਾਂ ਨੂੰ ਈਕਣ ਜੀ ਤਾਂ
ਦੂਜੀ ਜੂਨ 'ਚ ਸੰਗ ਲੈ ਜਾਵੇ"।

(ਗੀਤਾ ਅਧਿਆਇ ਪੰਦਰਵਾਂ, ਸਲੋਕ ੮)

शरीरं यदवाप्नोति पच्चाप्युत्क्रामतीश्वरः
गृहीत्वैतानि संयाति वायुर्गन्धानिवाशयात्

ਸੁਅਰਗ, ਨਰਕ, ਚੰਗਾ ਮਾੜਾ, ਪੁਨਰਜਨਮ ਸਾਡੇ ਕਰਮਾਂ ਤੇ ਨਿਰਭਰ ਹੈ। ਮਹਾਤਮਾ ਬੁੱਧ ਕਹਿੰਦੇ ਹਨ ਮੇਰਾ ਕਰਮ ਮੇਰਾ ਸਰਮਾਇਆ ਹੈ। ਮੇਰੀ ਪੈਤਰਿਕ ਸੰਪਤੀ ਹੈ। ਮੇਰਾ ਕਰਮ ਮੇਰਾ ਸਹਾਰਾ ਹੈ। ਮੇਰੀ ਪੈਤਰਿਕ ਸੰਪਤਿ "ਜੈਸਾ ਬੀਜੇ ਤੈਸਾ ਲੁਣੇ ਕਰਮਾ ਸੰਦੜਾ ਖੇਤ" ਗੀਤਾ ਰਾਮਾਇਣ ਵੀ ਇਸ ਗੱਲ ਤੇ ਜ਼ੋਰ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਵੀ ਫੁਰਮਾਉਂਦੇ ਹਨ:

ਦਦੈ ਦੋਸੁ ਨ ਦੇਉ ਕਿਸੈ ਦੋਸੁ ਕਰਮਾ ਆਪਣਿਆ।
ਜੋ ਮੈਂ ਕੀਆਂ ਸੋ ਮੈ ਪਾਇਆ ਦੋਸੁ ਨਾ ਦੀਜੈ ਅਵਰਜਨਾ (ਪਟੀ)

ਚੰਗੇ ਵਿਚਾਰ ਚੰਗੇ ਕੰਮਾਂ ਵਲ ਪ੍ਰੇਰਿਤ ਕਰਦੇ ਹਨ। ਜਿਸ ਤਰ੍ਹਾਂ ਦੇ ਵਿਚਾਰ ਉਸ ਤਰ੍ਹਾਂ ਦੇ ਕਰਮ। ਅਸ਼ਟਮਾਰਗ ਦੇ ਰੂਪ ਵਿਚ ਭਗਵਾਨ ਬੁੱਧ ਨੇ ਮਨੁੱਖ ਦੀ ਰਹਿਨੁਮਾਈ ਦੇ ਚਰਿਤਰ ਉਸਾਰੀ ਲਈ ਕੁਝ ਅਜਿਹੇ ਅਟੱਲ ਨੈਤਿਕ ਨਿਯਮ ਦਿੱਤੇ ਹਨ ਜਿਨ੍ਹਾਂ ਦਾ ਪਾਲਣ ਕਰਕੇ ਮਨੁੱਖ ਆਪਣੇ ਚਰਿਤਰ ਦੀ ਉਸਾਰੀ ਕਰ ਸਕਦਾ ਹੈ। ਇਹ ਅੱਠ ਨਿਯਮ ਇਸ ਪ੍ਰਕਾਰ ਹਨ :-

1. ਸੱਮਯੰ ਡਿਠੀ (ਸਮਿਅਕ ਦ੍ਰਿਸ਼ਟੀ) ਉਚਿਤ ਵਿਚਾਰ। ਸਦਾਚਾਰਕ ਉੱਨਤੀ ਦੇ ਨੈਤਿਕ ਵਿਕਾਸ ਲਈ ਪ੍ਰੇਮ ਕਰੁਣਾ ਉਦਾਰਤਾ ਸੰਜਮ, ਮਿਠਾਸ, ਧਿਆਨ, ਸੇਵ ਸ਼ਰਧਾ ਆਦਿ ਗੁਣਾ ਦਾ ਜੀਵਨ ਵਿਚ ਵਿਕਾਸ ਕਰਨਾ।
2. ਸੱਮਯ ਸੰਕੱਪੋ (ਸਮਿਅਕ ਸੰਕਲਪ)
ਉਚਿਤ ਆਦਰਸ਼ ਸਾਹਮਣੇ ਰਖਣਾ ਤੇ ਉਨ੍ਹਾਂ ਤੇ ਚਲਣ ਦਾ ਸੰਕਲਪ ਕਰਨਾ ਉਨ੍ਹਾਂ ਦਾ ਮਨਨ ਤੇ ਅਭਿਆਸ ਕਰਨਾ।
3. ਸੱਮਯ ਵਾਚੋ (ਸਮਿਅਕ ਵਚਨ) ਝੂਠੇ, ਅਸ਼ਲੀਲ ਕਠੋਰ ਵਚਨਾਂ ਤੋਂ ਬਚਣਾ। ਸੱਚੇ ਅਤੇ ਪ੍ਰੇਮ ਭਰਪੂਰ ਵਚਨ ਬੋਲਣਾ।
4. ਸੱਮਯ ਕੰਮਾਨੋ (ਸਮਿਅਕ ਕਰਮ) ਚੰਗੇ ਕੰਮ ਕਰਨਾ। ਆਲਸ, ਕਰਮ ਵਿਹੀਨਤਾ ਦੇ ਜੀਵਨ ਦਾ ਤਿਆਗ।
5. ਸੱਮਯ ਵਾਯਾਮੋ (ਸੁਹਿਰਦ ਯਤਨ) ਚੰਗੀਆਂ ਬਿਰਤੀਆਂ ਦਾ ਪੋਸ਼ਣ ਕਰਨਾ ਅਤੇ ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਘਿਰਣਾ, ਈਰਖਾ, ਅਗਿਆਨ, ਹਿੰਸਾ ਆਦਿ ਬੁਰਾਈਆਂ ਨੂੰ ਜੀਵਨ ਵਿਚੋਂ ਕੱਢਣ ਦਾ ਯਤਨ ਕਰਨਾ।

6. ਸੱਮਯ ਆਜੀਵੋ (ਸਮਿਅਕ ਜੀਵਿਕਾ) ਜੀਵਿਕਾ ਲਈ ਉਚਿਤ ਸਾਧਨਾਂ ਦਾ ਅਪਨਾਉਣਾ।

7. ਸੱਮਯ ਸਤਿ (ਉਚਿਤਮਤ) ਹਰ ਸਮੇਂ ਚੇਤੰਨ ਰਹਿ ਕੇ ਕਾਰਜ ਕਰਨਾ, ਉਚਿਤ ਮਤ ਨੂੰ ਧਾਰਨ ਕਰਨਾ, ਦੈਵੀ ਗੁਣਾਂ ਦਾ ਜੀਵਨ ਵਿਚ ਵਿਕਾਸ ਕਰਨਾ।

8. ਸੱਯਮ ਸਮਾਧਿ (ਸਮਿਅਕ ਸਮਾਧੀ) ਮਨ ਨੂੰ ਇਕਾਗਰ ਕਰਕੇ ਗਿਆਨ ਪ੍ਰਾਪਤ ਕਰਨਾ। ਬੁੱਧ ਦਾ ਇਹ ਅਸ਼ਟ ਮਾਰਗ ਸੀਲ, ਸਮਾਧਿ ਤੇ ਪ੍ਰਗਿਆ ਉਤੇ ਆਧਾਰਿਤ ਹੈ। ਯੋਗ, ਗਿਆਨ, ਸੰਜਮ ਰਾਹੀਂ ਸੱਚਾ ਗਿਆਨ ਪ੍ਰਾਪਤ ਕਰਕੇ ਬੁੱਧ ਬਣਿਆ ਜਾ ਸਕਦਾ ਹੈ।

ਬੁੱਧ ਧਰਮ ਨੈਤਿਕ ਉੱਨਤੀ ਦਾ ਮਾਰਗ ਹੈ। ਸ਼ੀਲ ਦੇ ਅੰਦਰ ਬੁੱਧ ਧਰਮ ਦੇ ਸਾਰੇ ਸਦਾਚਾਰਕ ਨਿਯਮ ਆ ਜਾਂਦੇ ਹਨ। ਸਚਾਈ ਅਹਿੰਸਾ, ਮਿੱਤਰਤਾ, ਕਰੁਣਾ, ਤਿਆਗ, ਸੇਵਾ ਆਦਿ ਗੁਣਾਂ ਦਾ ਵਿਕਾਸ ਕਰਨਾ ਅਤੇ ਪਾਪਾਂ ਨੂੰ ਨਾ ਕਰਨਾ, ਮਨ ਨੂੰ ਸ਼ੁਧ ਰਖਣਾ ਸ਼ੀਲ ਦੇ ਅੰਗ ਹਨ। ਸਮਾਧੀ ਮਨੋਯੋਗ ਨੂੰ ਕਿਹਾ ਜਾਂਦਾ ਹੈ। ਧਿਆਨ ਦੀ ਪੂਰਣਤਾ ਸਮਾਧੀ ਵਿਚ ਹੁੰਦੀ ਹੈ। ਮਨ ਦੇ ਸੰਜਮ ਦੁਆਰਾ ਚਿੱਤ ਇਕਾਗਰ ਹੁੰਦਾ ਹੈ। ਇਹੋ ਸਮਾਧੀ ਹੈ। ਬੁੱਧ ਧਰਮ ਵਿਚ ਧਿਆਨ ਸਾਧਨਾ ਦਾ ਬੜਾ ਮਹੱਤਵ ਹੈ। ਸਿਧਾਰਥ ਸਮਾਧੀ ਦੀ ਪੂਰਣਤਾ ਦੁਆਰਾ ਗਿਆਨ ਪ੍ਰਾਪਤ ਕਰ ਬੁੱਧ ਬਣਿਆ।

ਅਸ਼ਟ ਮਾਰਗ ਦੀ ਤਰ੍ਹਾਂ ਭਗਵਾਨ ਬੁੱਧ ਨੈਤਿਕ ਉੱਨਤੀ ਲਈ ਚਾਰ ਸਚਾਈਆਂ ਤੇ ਵੀ ਬਲ ਦਿੰਦੇ ਹਨ। ਇਹ ਚਾਰ ਸਚਾਈਆਂ ਹਨ (1) ਮਨੁੱਖੀ ਜੀਵਨ ਦੁੱਖਾਂ ਨਾਲ ਭਰਪੂਰ ਹੈ। ਨਾਨਕ ਦੁਖੀਆ ਸਭ ਸੰਸਾਰ। (2) ਇਨ੍ਹਾਂ ਦੁਖਾਂ ਦਾ ਮੂਲ ਕਾਰਣ ਅਗਿਆਨ ਅਤੇ ਤ੍ਰਿਸ਼ਨਾ ਹੈ। ਤ੍ਰਿਸ਼ਨਾਵਾਂ ਦੁਖਾਂ ਨੂੰ ਜਨਮ ਦਿੰਦੀਆਂ ਹਨ। ਦੁਖਾਂ ਦਾ ਮੂਲ ਕਾਰਣ ਦੁਨੀਆਵੀ ਖੁਸ਼ੀਆਂ ਦੇ ਪਿਛੇ ਦੌੜਨਾ ਹੈ। (3) ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਇਛਾਵਾਂ ਤੋਂ ਛੁਟਕਾਰਾ ਪਾਉਣਾ ਜਰੂਰੀ ਹੈ। ਆਤਮ ਅਨੁਸ਼ਾਸਨ ਰਾਹੀਂ ਤ੍ਰਿਸ਼ਨਾਵਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਅਗਿਆਨਤਾ ਦਾ ਨਾਸ਼ ਆਤਮਿਕ ਗਿਆਨ ਦੀ ਪ੍ਰਾਪਤੀ ਨਾਲ ਹੁੰਦਾ ਹੈ। (4) ਸੁਖੀ ਹੋਣ ਦਾ ਮਾਰਗ ਸਦ ਬਿਰਤੀ ਤੇ ਸਦ ਗਿਆਨ ਹੈ ਜੋ ਸਤ ਕਰਮ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਆਚਾਰ ਤੇ ਵਿਚਾਰ ਦੀ ਸਵੱਛਤਾ ਬੁੱਧ ਧਰਮ ਦਾ ਆਧਾਰ ਹੈ। ਜੀਵਨ ਵਿਚ ਉੱਤਮ ਗੁਣਾਂ ਦੇ ਵਿਕਾਸ ਰਾਹੀਂ ਸੁਖ ਪ੍ਰਾਪਤ ਕੀਤਾ ਜਾ ਸਕਦਾ ਹੈ।

ਭਗਵਾਨ ਬੁੱਧ ਦੇ ਉਪਰੋਕਤ ਨੈਤਿਕ ਵਿਚਾਰ ਧੱਮਪਦ ਵਿਚ ਥਾਂ ਥਾਂ ਤੇ ਬਿਖਰੇ ਪਏ ਹਨ। ਧੱਮਪਦ ਵਿਚ ਤ੍ਰਿਸ਼ਨਾਂ ਤੇ ਪੂਰਾ ਵਰਗ ਹੈ। (24)

ਪਾਲੀ ਭਾਸ਼ਾ ਵਿਚ ਇਸ ਨੂੰ ਤੰਨ੍ਹਾ ਕਿਹਾ ਗਿਆ ਹੈ ਜੋ ਤ੍ਰਿਸ਼ਨਾ ਸ਼ਬਦ ਦਾ ਪ੍ਰਾਕਿਰਤ ਰੂਪ ਹੈ। ਬਿਖਮਈ ਨੀਚ ਤ੍ਰਿਸ਼ਨਾ ਜਿਸ ਬੰਦੇ ਨੂੰ ਘੇਰ ਲੈਂਦੀ ਹੈ ਉਸ ਬੰਦੇ ਦੇ ਦੁਖ ਦੁਨੀਆ ਅੰਦਰ ਇਸ ਤਰ੍ਹਾਂ ਵਧਦੇ ਹਨ ਜੀਕਣ ਬੀਰਣ ਘਾਸ ਫਲਦੀ ਫੁੱਲਦੀ ਹੈ। ਤ੍ਰਿਸ਼ਨਾ ਵਿਚ ਲਿਪਤ ਮਨ ਪਾਪ ਵਲ ਸਹਿਜੇ ਹੀ ਪ੍ਰੇਰਿਤ ਹੁੰਦਾ ਹੈ।

"ਜਿਸ ਦੇ ਸੋਤੇ ਤ੍ਰਿਸ਼ਨਾ ਵਾਲੇ ਮਨ-ਵਿਸ਼ਿਆ ਦੇ ਪਿੱਛੇ,
ਦਿਨੇ ਰਾਤੀ ਆਪ ਮੁਹਾਰੇ ਹੈਵਣ ਵਹਿੰਦੇ ਰਹਿੰਦੇ।
ਰਾਗ ਪਰੇਰਤ ਹੋਕੇ ਤਾਂ ਫਿਰ ਉਸ ਮੂੜਖ ਦੇ ਖਿਆਲ
ਹਰਦਮ ਪਾਪ ਦੇ ਵਹਿਣਾ ਅੰਦਰ ਆਪੇ ਆਪ ਨੇ ਵਹਿੰਦੇ" (339)

ਤ੍ਰਿਸ਼ਨਾ ਮਨੁੱਖ ਨੂੰ ਲੁਭਾਂਦੀ ਤੇ ਆਕਰਸ਼ਿਤ ਕਰਦੀ ਹੈ। ਤ੍ਰਿਸ਼ਨਾਂ ਦੇ ਚੱਕਰ ਵਿਚ ਪਿਆ ਮਨੁੱਖ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਨਹੀਂ ਪਾ ਸਕਦਾ।

"ਤ੍ਰਿਸ਼ਨਾਂ ਦੀਆਂ ਨਦੀਆਂ ਹਰਦਮ ਮੋਹ ਦੀਆਂ ਖਿੱਚਾਂ ਪਾਣ
ਅਤੇ ਆਪਣੇ ਪਰਲੋਭਨ ਸਿਉਂ ਬੰਦੇ ਤਾਈਂ ਲੁਭਾਣ।
ਸੁਖ ਦੀ ਖਾਤਰ ਜਿਹੜੇ ਇਨ੍ਹਾਂ ਨਦੀਆਂ ਵਿਚ ਨਹਾਣ
ਜਨਮ ਮਰਨ ਦੇ ਗੇੜਾਂ ਅੰਦਰ ਉਹ ਤਾਂ ਚਕਰ ਲਾਣ।" (341)

ਜਿਸ ਤਰ੍ਹਾਂ ਮੰਦ ਨਿਕੰਮਾ ਘਾਹ ਖੇਤਾਂ ਦਾ ਨਾਸ਼ ਕਰ ਦਿੰਦਾ ਹੈ ਇਸੇ ਤਰ੍ਹਾਂ ਇਛਾਵਾਂ ਤ੍ਰਿਸ਼ਨਾਵਾਂ ਮਨੁੱਖ ਦੇ ਜੀਵਨ ਨੂੰ ਤਬਾਹ ਕਰ ਦਿੰਦੀਆਂ ਹਨ। ''ਤ੍ਰਿਸ਼ਣਾ ਨ ਜੀਰਾ ਕਯਸੈਵ ਜੀਰਾ ਭੋਗਾ ਨ ਭੁਕ੍ਤਾ ਕਯਸੈਵ ਭੁਕ੍ਤਾ''

ਮਨੁੱਖ ਦੀ ਤ੍ਰਿਸ਼ਨਾਂ ਕਦੇ ਤ੍ਰਿਪਤ ਨਹੀਂ ਹੁੰਦੀ।

"ਸੋਨਮਈ ਮੁਹਰਾਂ ਦੀ ਵਰਖਾ ਤ੍ਰਿਸ਼ਨਾਂ ਨਾ ਮਿਟਾਵੇ। (186)

ਤ੍ਰਿਸ਼ਨਾਂ ਅਨੇਕ ਰੂਪਾਂ ਵਿਚ ਮਨੁੱਖ ਨੂੰ ਆਕਰਸ਼ਿਤ ਕਰਦੀ ਹੈ।

'ਹਰ ਥਾਂ ਜਗ ਵਿਚ ਤ੍ਰਿਸ਼ਨਾਂ ਵਾਲਾ ਸੋਮਾ ਪਿਆ ਵਗੇ। (340)

ਇਹ ਚਾਂਦੀ, ਮਣੀ, ਕੁੰਡਲ, ਪੁੱਤਰ ਮੋਹ, ਨਾਰੀ ਦੇ ਰੂਪ ਵਿਚ ਮਨੁੱਖ ਨੂੰ ਆਪਣੇ ਜਾਲ ਵਿਚ ਫਸਾਂਦੀ ਹੈ। ਇਹ ਬੰਧਨ ਬੜੇ ਕੜੇ ਤੇ ਮਜ਼ਬੂਤ ਹਨ ਪਰ ਤ੍ਰਿਸ਼ਨਾ ਦਾ ਸ਼ਿਕਾਰ ਕਮਜ਼ੋਰ ਮਨ ਵਾਲੇ ਬਣਦੇ ਹਨ। ਨੀਚ ਤ੍ਰਿਸ਼ਨਾ ਨੂੰ ਜਿਹੜੇ ਜਗ ਵਿਚ ਜਿੱਤ ਲੈਂਦੇ ਹਨ ਉਨ੍ਹਾਂ ਦੇ ਦੁਖ ਇਸ ਤਰ੍ਹਾਂ ਨਸ਼ਟ ਹੋ ਜਾਂਦੇ ਹਨ ਜਿਸ ਤਰ੍ਹਾਂ ਕੰਵਲ ਦੇ ਪੱਤੇ ਤੋਂ ਜਲ ਦਾ ਤੁਪਕਾ ਗਿਰ ਜਾਂਦਾ ਹੈ।

"ਨਸ਼ਟ ਹੋ ਜਾਵਣ ਜਗ ਵਿਚ ਈਕਣ ਉਸ ਦੇ ਸਾਰੇ ਦੁੱਖ
ਕੰਵਲ ਪਤ ਤੋਂ ਜੀਕਣ ਆਪੇ ਜਲ ਦਾ ਤੁਪਕਾ ਡਿਗੇ। (336)

ਜਿਹੜਾ ਤ੍ਰਿਸ਼ਨਾ ਨੂੰ ਜਿੱਤ ਲੈਂਦਾ ਹੈ ਉਸ ਨੂੰ 'ਮਾਰ' ਨਹੀਂ ਮਾਰ ਸਕਦੀ। ਉਹ 'ਮਾਰ' ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

"ਬੁਰੇ ਵਿਚਾਰਾਂ ਨੂੰ ਛੱਡਣ ਤੇ ਜਿਹੜਾ ਤੱਤਪਰ ਹੋਇਏ
ਮਾਇਕ ਵਿਸ਼ਿਆਂ ਦੀ ਮਲ ਨਾਲੋਂ ਜਿਸ ਨੇ ਮਨ ਧੋਇਏ।

ਕੇਵਲ ਉਸ ਨੇ 'ਮਾਰ' ਦੇ ਉਪਰ ਫ਼ਤਹ ਹੈ ਪਾ ਲੀਤੀ।
ਕੇਵਲ ਉਸ ਨੇ ਤ੍ਰਿਸਨਾਂ ਨੂੰ ਛਡ ਮੌਤ ਦਾ ਬੰਧਨ ਖੋਇਏ।'' (350)

ਧੱਮਪਦ ਵਿਚ ਮਾਰ ਸ਼ਬਦ ਦੁਨੀਆ ਦੀ ਉਸ ਬੁਰਾਈ ਦੀ ਸਪਿਰਟ ਲਈ ਵਰਤਿਆ ਗਿਆ ਹੈ। ਜਿਹੜੀ ਦਵੰਦਾਂ ਦੇ ਕਾਨੂੰਨ ਅਨੁਸਾਰ ਜਗਤ ਵਿਚ ਨੇਕੀ ਦੇ ਟਾਕਰੇ ਤੇ ਪ੍ਰਗਟ ਹੁੰਦੀ ਹੈ। ਭਗਵਾਨ ਬੁੱਧ ਨੇ ਮਨੁੱਖ ਦੇ ਮਨ ਵਿਚ ਪਏ ਪਾਪ ਨੂੰ 'ਮਾਰ' ਦਾ ਨਾਂ ਦਿੱਤਾ ਹੈ। 'ਮਾਰ' ਸ਼ਬਦ ਮੌਤ ਲਈ ਵੀ ਵਰਤਿਆ ਗਿਆ ਹੈ। ਬੁੱਧ ਧਰਮ ਵਿਚ 'ਮਾਰ' ਸ਼ਬਦ ਕਾਮ, ਕਰੋਧ, ਲੋਭ, ਮੋਹ ਆਦਿਕ ਦੇ ਸਾਕਾਰ ਰੂਪ ਲਈ ਵੀ ਵਰਤਿਆ ਗਿਆ ਹੈ। ਜੋ ਸੰਤਾਂ ਨੂੰ ਡੇਗਣ ਦਾ ਉਪਰਾਲਾ ਕਰਦਾ ਹੈ।

ਮਾਰ ਤੇ ਜਿੱਤ ਪ੍ਰਾਪਤ ਕਰਨ ਦੇ ਕਾਰਨ ਭਗਵਾਨ ਬੁੱਧ ਨੂੰ 'ਮਾਰਜਿਤ' ਵੀ ਕਿਹਾ ਜਾਂਦਾ ਹੈ।

ਮਾਨਸਿਕ ਅਨੁਸ਼ਾਸਨ ਤੇ ਗਿਆਨ ਰਾਹੀਂ ਮਾਰ ਤੇ ਵਿਜੈ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਤ੍ਰਿਸਨਾ ਨੂੰ ਜਿਤਣ ਲਈ ਵੀ ਗਿਆਨ ਸਹਾਇਕ ਹੈ।

''ਤ੍ਰਿਸ਼ਨਾਂ ਮੁਕੇ ਗਿਆਨ ਖੜਗ ਸਿਉਂ ਇਹ ਹੈ ਸੱਚੀ ਗੱਲ (338)
ਗਿਆਨ ਦੇ ਰਾਹੀਂ ਭਿਖਸ਼ੂ ਉਸ ਦੀਆਂ ਜੜਾਂ ਤਾਈਂ ਪੁਟੇ (340)
ਤ੍ਰਿਸ਼ਨਾਂ ਜਨ ਨੂੰ ਲਿੱਪਤ ਕਰੇ, ਹਰਦਮ ਮਾਇਆ ਅੰਦਰ,
ਗਿਆਨੀ ਧਿਆਨ ਦੁਆਰਾ ਇਸ ਨੂੰ ਸਹਿਜੇ ਸਹਿਜੇ ਜਿਤੇ'' (180)

ਇਸ ਤਰ੍ਹਾਂ ਅਸ਼ਟ ਮਾਰਗ ਤੇ ਚਾਰ ਸਚਾਈਆਂ ਦੁਆਰਾ ਭਗਵਾਨ ਬੁੱਧ ਜੀਵਨ ਵਿਚ ਗੁਣਾਂ ਦੇ ਵਿਕਾਸ ਤੇ ਬਲ ਦਿੰਦੇ ਹਨ। ਔਗੁਣ ਉਨ੍ਹਾਂ ਅਨੁਸਾਰ ਬੇੜੀਆਂ ਹਨ ਜਿਨ੍ਹਾਂ ਨੂੰ ਗੁਣਾਂ ਦੇ ਵਿਕਾਸ ਰਾਹੀਂ ਕੱਟਣਾ ਹੈ। ਗੁਰੂ ਨਾਨਕ ਦੇਵ ਜੀ ਦਾ ਵੀ ਇਹੀ ਵਿਚਾਰ ਹੈ।

ਨਾਨਕ ਅਉਗਣ ਜੇਤੜੇ ਤੇਤੀ ਗਲੀ ਜੰਜ਼ੀਰ
ਜੇ ਗੁਣ ਹੋਨਿ ਤਾਂ ਕਟਿ ਆਨਿ ਸੇ ਭਾਈ ਸੇ ਵੀਰ।

ਸੋਰਠਿ ਮਹਲਾ ਪੰਜਵਾਂ...595

ਸ਼ੁਭ ਗੁਣਾਂ ਦੇ ਜੀਵਨ ਵਿਚ ਵਿਕਾਸ ਦੇ ਰਾਹੀਂ ਸਦਾਚਾਰਿਕ ਉੱਨਤੀ ਦਾ ਭਾਵ ਧੱਮਪਦ ਵਿਚ ਥਾਂ ਥਾਂ ਤੇ ਪਾਇਆ ਜਾਂਦਾ ਹੈ। ਸਦਾਚਾਰ ਦੀ ਖੁਸ਼ਬੂ ਸਾਰੇ ਵਾਤਾਵਰਨ ਨੂੰ ਸੁਗੰਧਿਤ ਕਰ ਦਿੰਦੀ ਹੈ।

ਜੀਕਣ ਸੁਹਣਾ ਤੇ ਰਸ ਭਰਿਆ ਫਲ ਹੁੰਦੈ ਗੁਣਕਾਰੀ
ਈਕਣ ਬਾਣੀ ਭਾਵੇਂ ਉਸ ਦੀ ਜੋ ਹੈ ਸਦਾਚਾਰੀ (52)

ਸ ਬੰਦੇ ਨੂੰ ਚਾਹੀਦਾ ਹੈ ਕਿ ਉਹ ਇਸ ਸੰਸਾਰ ਵਿਚ ਜਨਮ ਲੈ ਕੇ ਜੀਵਨ ਰੂਪੀ ਮਾਲਾ ਵਿਚ ਸ਼ੁਭ ਕਰਮਾਂ ਦੇ ਫੁੱਲ ਪਰੋਵੇ।

"ਈਕਣ ਜਗ ਵਿਚ ਜਨਮ ਲੈਕੇ ਬੰਦਾ ਇਹ ਕੰਮ ਕਰੇ
ਸ਼ੁਭ ਕਰਮਾਂ ਦੇ ਫੁੱਲ ਪਰੋਵੇ ਮਾਲਾਵਾਂ ਵਿਚਾਰ।" (53)

ਪ੍ਰੇਮ, ਕਰੁਣਾ, ਮਿੱਤਰਤਾ, ਆਪਸੀ ਸਹਿਯੋਗ, ਬੁੱਧ ਦੀਆਂ ਵਿਵਹਾਰਿਕ ਸਿਖਿਆਵਾਂ ਦੇ ਅੰਗ ਹਨ। ਬੁੱਧ ਨੀਤੀ ਵਿਚ ਸਤਕਰਮ ਨਾਲੋਂ ਵੀ ਪ੍ਰੇਮ ਦਾ ਮਹੱਤਵ ਅਧਿਕ ਹੈ। ਜਿਸ ਤਰ੍ਹਾਂ ਮਾਂ ਆਪਣੇ ਜੀਵਨ ਦੇ ਸੁਖਾਂ ਦਾ ਤਿਆਗ ਕਰ ਆਪਣੇ ਬੱਚੇ ਨੂੰ ਪਾਲਦੀ ਹੈ ਇਸ ਤਰ੍ਹਾਂ ਜੀਵ ਮਾਤਰ ਨੂੰ ਜੀਵ ਮਾਤਰ ਦੇ ਪ੍ਰਤਿ ਅਸੀਮ ਪ੍ਰੇਮ ਪ੍ਰਗਟ ਕਰਨਾ ਚਾਹੀਦਾ ਹੈ। ਸਭ ਦਾ ਭਲਾ ਮੰਗਣਾ ਚਾਹੀਦਾ ਹੈ। 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਜੀਵ ਮਾਤਰ ਲਈ ਪ੍ਰੇਮ ਤੇ ਆਦਰ ਦਾ ਭਾਵ ਬੁੱਧ ਮਤ ਦੀ ਨੈਤਿਕਤਾ ਦਾ ਅਭਿੰਨ ਅੰਗ ਹੈ। ਸੱਚਾ ਬੌਧ ਆਪਣੀ ਖੁਸ਼ੀ ਲਈ ਨਾ ਤਾਂ ਜੀਵ ਹਤਿਆ ਕਰਦਾ ਹੈ ਤੇ ਨਾ ਮਾਸ ਖਾਂਦਾ ਹੈ। ਉਹ ਅਹਿੰਸਾ ਦਾ ਪੁਜਾਰੀ ਹੈ। ਸਾਰੇ ਜੀਵ ਉਸ ਦੇ ਦੋਸਤ ਤੇ ਮਿੱਤਰ ਹਨ। ਭਗਵਾਨ ਬੁੱਧ ਆਪਣੇ ਜੀਵਨ ਵਿਚ ਕਦੇ ਗੁੱਸੇ ਨਾਲ ਲਾਲ ਪੀਲੇ ਨਹੀਂ ਹੋਏ। ਇਕ ਵਾਰੀ ਇਕ ਅਪਸ਼ਬਦ ਕਹਿਣ ਵਾਲੇ ਗ੍ਰਿਹਸਥੀ ਨੂੰ ਉਨ੍ਹਾਂ ਕਿਹਾ "ਅਗਰ ਭਿਖਾਰੀ ਤੁਹਾਡੀ ਭਿਖਿਆ ਨਹੀਂ ਲੈਂਦਾ ਤਾਂ ਭਿਖਿਆ ਕਿਸ ਕੋਲ ਵਾਪਿਸ ਜਾਂਦੀ ਹੈ। 'ਮੇਰੇ ਕੋਲ'। ਮੈਂ ਤੁਹਾਡੇ ਮਾੜੇ ਸ਼ਬਦ ਗ੍ਰਹਿਣ ਨਹੀਂ ਕਰਦਾ, ਇਹ ਤੁਹਾਡੇ ਕੋਲ ਵਾਪਿਸ ਆਉਣਗੇ। ਸੋ ਘਿਰਣਾ ਘਿਰਣਾ ਨਾਲ ਸ਼ਾਂਤ ਨਹੀਂ ਹੁੰਦੀ। ਬਦਲੇ ਨਾਲ ਸ਼ਾਂਤੀ ਨਹੀਂ ਮਿਲਦੀ।

"ਵੈਰ ਵੈਰ ਦੇ ਨਾਲ ਨਾ ਕਦੇ ਹੋ ਸਕਦਾ ਹੈ ਸ਼ਾਂਤ।
ਵੈਰ ਤਾਂ ਮਿਟਦੈ ਨਾਲ ਮਿਤਰਤਾ ਇਹ ਹੈ ਧਰਮ ਸਿਧਾਂਤ।"

ਭਗਵਾਨ ਬੁੱਧ ਸ਼ਾਂਤੀ ਰਾਹੀਂ ਕਰੋਧ ਨੂੰ ਜਿੱਤਣ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ:-

"ਸ਼ਾਂਤੀ ਰਾਹੀਂ ਰੋਹ ਨੂੰ ਜਿਤੋ ਪਾਪ ਨੂੰ ਪੁੰਨ ਦੇ ਨਾਲ।
ਦਾਨ ਨਾਲ ਕਿਰਪਨ ਨੂੰ ਜਿਤੋ ਕੂੜ ਨੂੰ ਬਣ ਸਤਪਾਲ।
ਸੱਚ ਬੋਲੋ ਤੇ ਰੋਸ ਨਾ ਕਰੋ ਦਾਨ ਦਿਉ ਵਿਤ ਨਾਲ।
ਦੇਵਤਿਆਂ ਦੀ ਪਦਵੀ ਪਾ ਕੇ ਹੋਸੇ ਇੰਜ ਨਿਹਾਲ।" (223)

ਭਗਵਾਨ ਬੁੱਧ ਮਿੱਠਾ ਬੋਲਣ ਤੇ ਬਲ ਦਿੰਦੇ ਹਨ। ਗੁਰੂ ਨਾਨਕ ਦੀ ਤਰ੍ਹਾਂ ਉਹ ਵੀ ਮੰਨਦੇ ਹਨ "ਜਿਥੇ ਜਾ ਬਹੀਏ ਭਲਾ ਕਹੀਏ ਝੋਲ ਅੰਮ੍ਰਿਤ ਪੀਜੈ" ਕੌੜੇ ਵਚਨਾਂ ਦੀ ਨਿੰਦਾ ਕਰਦੇ ਹੋਏ ਉਹ ਕਹਿੰਦੇ ਹਨ :-

"ਕੌੜੇ ਵਚਨ ਬੋਲਣ ਜਿਹੜੇ ਕੌੜੇ ਵਾਕ ਉਚਾਰਨ।
ਆਪਣੇ ਦੁਖਾਂ ਦੇ ਬਣ ਜਾਵਣ ਆਪਣੇ ਆਪ ਹੀ ਕਾਰਨ।
ਹਿੰਸਾ ਵਾਲੀ ਬੋਲੀ ਲਾਵੇ ਹਿੰਸਾ ਦਾ ਪ੍ਰਤਿਫੁਲ।
ਪਿਆਰ ਦੀ ਬੋਲੀ ਬੋਲਣ ਵਾਲੇ ਜਗ ਦਾ ਦੁੱਖ ਨਿਵਾਰਨ" (133)

ਹਿੰਸਾ ਵਾਲੀ ਬੋਲੀ ਲਾਵੇ ਹਿੰਸਾ ਦਾ ਪ੍ਰਤਿਫਲ, ਅਜ ਦੀ ਇਸ ਹਿੰਸਾਤਮਕ ਦੁਨੀਆ ਵਿਚ ਬੁੱਧ ਦਾ ਇਹ ਉਪਦੇਸ਼ ਕਾਰਗਰ ਸਾਬਿਤ ਹੋ ਸਕਦਾ ਹੈ। ਚੰਗੇ ਮਿੱਠੇ ਸ਼ਬਦਾਂ ਰਾਹੀਂ ਸੁਖ ਉਤਪੰਨ ਹੁੰਦਾ ਹੈ। ਕੌੜੇ ਕੋਝੇ ਸ਼ਬਦ ਦਿਲਾਂ ਤੇ ਗਹਿਰਾ ਘਾਉ ਕਰਦੇ ਹਨ।

"ਸਰਸ ਨਿਕੰਮੇ ਪਦਾਂ ਨਾਲ ਭਰੀ ਬਾਣੀ ਹੈ ਬੇਫ਼ਲ।
ਦਿਲਾਂ ਤਾਈਂ ਜੋ ਸੁਖ ਦੇਵੇ ਚੰਗੀ ਉਹ ਹੈ ਇਕੋ ਗੱਲ।
ਚੰਗੇ ਸੁਹਣੇ ਸ਼ਬਦਾਂ ਰਾਹੀਂ ਦਿਲਾਂ ਅੰਦਰ ਉਪਜੇ ਸੁਖ।
ਭੈੜੇ ਕੋਝੇ ਸ਼ਬਦ ਲਾਵਣ ਦਿਲਾਂ ਤਾਈਂ ਚੁਭਵੇਂ ਸੱਲ।" (100)

ਬੁਰੇ, ਕੌੜੇ ਤੇ ਕਠੋਰ ਸ਼ਬਦਾਂ ਨੂੰ ਸਹਿਣ ਕਰਨਾ ਕਾਇਰਤਾ ਤੇ ਕਮਜ਼ੋਰੀ ਨਹੀਂ ਬਲਕਿ ਸ਼ਕਤੀ ਤੇ ਬਲ ਹੈ।

"ਰਣ ਦੇ ਅੰਦਰ ਹਾਥੀ ਜੀਕਣ ਬਾਣਾਂ ਤਾਈਂ ਜਰੇ।
ਈਕਣ ਸਾਧੂ ਜੀਵਨ ਰਣ ਵਿਚ ਭੈੜੇ ਸ਼ਬਦ ਸਹੇ। (320)
"ਕਠੋਰ ਬਚਨਾਂ ਨੂੰ ਜਰਨ ਵਾਲਾ ਬਣੇ ਪੁਰਖ ਮਹਾਨ।
ਅਤੇ ਜੀਵਨ ਜਸ ਨੂੰ ਖੱਟ ਦੇ ਬਣ ਜਾਏ ਸੁਜਾਨ।" (321)

ਭਗਵਾਨ ਬੁੱਧ ਕਾਇਕ, ਮਾਨਸਿਕ ਤੇ ਆਤਮਿਕ ਸੰਜਮ ਤੇ ਬਲ ਦਿੰਦੇ ਹਨ।

"ਮਨ, ਬਚਨ ਤੇ ਕਰਮ ਨਾਲ ਜੋ ਹਰਦਮ ਸੰਜਮ ਰਖਣ।
ਉਹੀ ਜਗ ਦੇ ਅੰਦਰ ਸਹਿਜੇ ਅਮਿਓ ਰਸ ਨੂੰ ਚੱਖਣ।
ਜਿਹੜੇ ਲੈਣ ਜੀਵਨ ਅੰਦਰ ਦਿੱਵ ਸੰਜਮ ਨੂੰ ਧਾਰ।
ਸਚਿਆਈ ਤਾਂ ਜੀਵਨ ਵਾਲੀ, ਕੇਵਲ ਉਹੀ ਲੱਖਣ।" (234)

ਅੱਜ ਸੰਸਾਰ ਵਿਚ ਏਡਜ਼ ਦੀ ਬੀਮਾਰੀ ਵਧਦੀ ਜਾ ਰਹੀ ਹੈ। ਵਿਭਚਾਰ ਦੀ ਅਧਿਕਤਾ ਤੇ ਕਾਮ ਵਾਸ਼ਨਾ ਦੀ ਪ੍ਰਬਲਤਾ ਇਸ ਦਾ ਮੁੱਖ ਕਾਰਣ ਹਨ । ਭਾਰਤਵਰਸ਼ ਵਿਚ ਕਾਇਕ ਸੰਜਮ ਤੇ ਬਲ ਤੇ ਪਰਨਾਰੀ ਗਮਨ ਦੀ ਨਿੰਦਾ ਸਾਡੇ ਮਹਾਂਪੁਰਖ ਹਮੇਸ਼ਾ ਕਰਦੇ ਰਹੇ ਹਨ। ਗੁਰੂ ਗੋਬਿੰਦ ਸਿੰਘ ਕਹਿੰਦੇ ਹਨ, "ਨਿਜ ਨਾਰੀ ਕੇ ਸਾਥ ਨੇਹੁ ਭੁਮ ਨਿਤ ਬਢੈਯਹੁ । ਪਰ ਨਾਰੀ ਕੀ ਸੇਜ ਭੂਲਿ ਸੁਪਨੇਹੂੰ ਨ ਜੈਯਹੁ।"

ਭਗਵਾਨ ਬੁੱਧ ਨੇ ਸਦੀਆਂ ਪਹਿਲੇ ਪਰਨਾਰੀ ਗਮਨ ਦੀ ਨਿੰਦਾ ਇਸ ਪ੍ਰਕਾਰ ਕੀਤੀ।

"ਪਰਨਾਰੀ ਨੂੰ ਭੋਗਣ ਵਾਲਾ ਹੁੰਦੈ ਔਗੁਣਹਾਰ।
ਪਾਪ, ਅਨੀਂਦਰ ਨਿੰਦਾ, ਨਰਕ ਉਹ ਪਾਂਦੈ ਦੁਖ ਚਾਰ।
ਪਰਨਾਰੀ ਨੂੰ ਭੋਗਣਵਾਲਾ ਹੀਰਾ ਜਨਮ ਗੰਵਾਂਦੇ।
ਅਤੇ ਜਗ ਤੋਂ ਤੁਰਦੈ ਹੋਕੇ ਖਜਲ ਅਤੇ ਖੁਆਰ।" (309)

ਪਾਪ, ਅਨੀਂਦਰ ਨਿੰਦਾ ਤੇ ਨਰਕ ਇਹ ਚਾਰ ਪ੍ਰਕਾਰ ਦੇ ਦੁੱਖ ਪਰਨਾਰੀ ਨੂੰ ਭੋਗਣ ਵਾਲੇ ਦੇ ਹਿੱਸੇ ਆਉਂਦੇ ਹਨ। ਇਸ ਲਈ ਸਿਆਣਾ ਮਨੁੱਖ ਇਸ ਰਾਹ ਤੇ ਕਦਮ ਨਹੀਂ ਰਖਦਾ।

"ਪਰਨਾਰੀ ਨੂੰ ਭੋਗਣਵਾਲਾ ਪਾਪ ਗਤੀ ਨੂੰ ਪਾਵੇ।
ਭੈ-ਭੀਤ ਹੋਇਆ ਨਿੱਤ ਫਿਰੇ, ਆਜੀਵਨ ਅਪਜਸ ਪਾਵੇ।
ਅਤੇ ਦੇਸ਼ ਹਕੂਮਤ ਕੋਲੋਂ ਮਾਰ ਬਥੇਰੀ ਖਾਵੇ।
ਇਸ ਲਈ ਇਸ ਵਿਭਚਾਰ ਦੇ ਮੱਗ ਤੇ ਦਾਨਾ ਕਦੇ ਨਾ ਜਾਵੇ।" (310)

ਦੁਰਾਚਾਰ ਆਦਮੀ ਲਈ ਹੀ ਨਿੰਦਾ ਯੋਗ ਨਹੀਂ ਔਰਤ ਦਾ ਬਲ ਵੀ ਨਿਕੰਮਾ ਕਰ ਦਿੰਦਾ ਹੈ।

"ਦੁਰਚਾਰ ਤਾਂ ਔਰਤ ਦਾ ਸਭ ਕਰੇ ਨਿਕੰਮਾ ਬਲ" (242)

ਦੁਰਾਚਾਰ ਦੇ ਰਸਤੇ ਤੋਂ ਹਟਣ ਅਤੇ ਸਦਾਚਾਰ ਦੇ ਮਾਰਗ ਤੇ ਚਲਣ ਵਿਚ ਸਾਧ ਸੰਗਤ ਅਤਿਅੰਤ ਸਹਾਇਕ ਹੈ। ਸਿੱਖ ਧਰਮ ਵਿਚ ਸਾਧ ਸੰਗਤ ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ।

ਬਿਸਰ ਗਈ ਸਭ ਤਾਤਿ ਪਰਾਈ। ਜਬ ਤੇ ਸਾਧ ਸੰਗਤਿ ਮੋਹਿ ਪਾਈ।
ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨ ਆਈ।

ਬੁੱਧ ਧਰਮ ਵਿਚ ਸੰਗਤ (ਸੰਘ) ਦੀ ਵਿਸ਼ੇਸ਼ ਮਹੱਤਤਾ ਪ੍ਰਗਟਾਈ ਗਈ ਹੈ। ਬੁਧ ਸ਼ਰਣ ਗਛਾਮਿ। ਧਰਮ ਸ਼ਰਣ ਗਛਾਮਿ। ਸੰਘ ਸ਼ਰਣ ਗਛਾਮਿ।

ਭਗਵਾਨ ਬੁੱਧ ਦੇ ਅਨੁਸਾਰ ਮਨੁੱਖ ਸਮੂਹ ਨੂੰ ਨਾਲ ਲੈ ਕੇ ਮੁਕਤੀ ਪ੍ਰਾਪਤ ਕਰੇ। ਸਾਧ ਸੰਗਤ ਦੀ ਪ੍ਰਸ਼ੰਸਾ ਕਰਦੇ ਹੋਏ ਉਹ ਕਹਿੰਦੇ ਹਨ :-

"ਗਿਆਨ ਧਰਮ ਦੀ ਸਤ ਸੰਗਤ ਦੀ ਜਿਹੜਾ ਸ਼ਰਨੀ ਆਵੇ।
ਚਾਰੇ ਉਤਮ ਤੱਤਾਂ ਤਾਈਂ ਉਹ ਸਹਿਜੇ ਅਪਨਾਵੇ। (19)
ਸਤਿ ਸੰਗਤ ਵਿਚ ਸ਼ਾਮਿਲ ਹੋਣਾ ਸੁਖ ਕਰਦੇ ਪ੍ਰਦਾਨ
ਸਤਿ ਸੰਗਤ ਵਿਚ ਕੀਤਾ ਤਪ ਤਾਂ ਬਖਸ਼ੇ ਧਾਮ ਸਥਾਈ।" (194)

ਇਕੱਲਾ ਚਲਣਾ ਚੰਗਾ ਹੈ ਪਰ ਮਾੜੀ ਸੰਗਤ ਨਾ ਕੀਤੀ ਜਾਏ, ਸਫ਼ਰ ਅੰਦਰ ਇੱਕਲੇ ਕਿਤਨਾ ਕਸ਼ਟ ਕਿਉਂ ਨਾ ਉਠਾਣਾ ਪਵੇ ਮੂਰਖ ਪਾਂਧੀ ਨਾਲ ਜਾਣਾ ਠੀਕ ਨਹੀਂ।

"ਇਕੱਲਾ ਰਹਿਣਾ ਚੰਗਾ ਹੈ ਪਰ ਮੂਰਖ ਨਾਲ ਨਾ ਰਹੀਏ।
ਲੋੜਾਂ ਤਾਈਂ ਥੋੜਾ ਕਰੀਏ ਪਾਪੀ ਨਾਲ ਨਾ ਬਹੀਏ।
ਚੰਗਾ ਸਾਥੀ ਜੇ ਨਾ ਮਿਲੇ ਇਕੱਲੇ ਹੀ ਖੁਸ਼ ਰਹੀਏ।
ਨਾਗਬਨ ਵਿਚ ਹਾਥੀ ਵਾਕਰ ਸਦਾ ਇਕੱਲ ਨੂੰ ਸਹੀਏ।" (330)

ਭਗਵਾਨ ਬੁੱਧ ਨੇ 35 ਸਾਲ ਦੀ ਉਮਰ ਵਿਚ ਗਿਆਨ ਪ੍ਰਾਪਤ ਕੀਤਾ। 80 ਸਾਲ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ। ਉਨ੍ਹਾਂ ਨੇ ਗਿਆਨ ਪ੍ਰਾਪਤ ਕਰਨ ਦੇ ਬਾਦ ਆਪਣੇ ਜੀਵਨ ਦੇ ਅੰਤਿਮ ਸਮੇਂ ਤਕ ਭਿਖਸ਼ੂ ਦਾ ਬਾਣਾ ਧਾਰਣ ਕਰ ਥਾਂ ਥਾਂ ਤੇ ਭ੍ਰਮਣ ਕਰ ਲੋਕਾਂ ਦੀ ਸੇਵਾ ਤੇ ਕਲਿਆਣ ਵਿਚ ਆਪਣਾ ਸਮਾਂ ਬਤੀਤ ਕੀਤਾ। ਇਸ ਲਈ ਉਨ੍ਹਾਂ ਨੂੰ ਪਰਿਵਰਾਜਕ (ਭ੍ਰਮਣ ਕਰਣ ਵਾਲਾ) ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਆਪਣੇ ਸ਼ਿਸ਼ਾਂ ਨੂੰ ਕਿਹਾ" ਤੁਸੀਂ ਮਨੁੱਖਤਾ ਦੇ ਹਿਤ ਲਈ, ਸਭ ਦੇ ਕਲਿਆਣ ਲਈ ਭ੍ਰਮਣ ਕਰੋ। ਸੰਸਾਰ ਦੇ ਪ੍ਰਤਿ ਕਰੁਣਾ ਭਰਪੂਰ ਰਹੋ ਤੇ ਮਨੁੱਖਤਾ ਦੀ ਮੰਗਲ ਕਾਮਨਾ ਲਈ ਯਤਨ ਕਰੋ।"

ਇਕ ਵਾਰੀ ਇਕ ਅਤਿਸਾਰ ਨਾਲ ਬੀਮਾਰ ਮਲ-ਮੂਤਰ ਨਾਲ ਭਰਿਆ ਭਿਖਸ਼ੂ ਭਗਵਾਨ ਬੁੱਧ ਨੂੰ ਮਿਲਿਆ । ਉਨ੍ਹਾਂ ਨੇ ਉਸ ਦੀ ਸਫ਼ਾਈ ਤੇ ਸੇਵਾ ਕੀਤੀ ਤੇ ਆਪਣੇ ਸਿਸ਼ਾਂ ਨੂੰ ਕਿਹਾ "ਜੋ ਬੀਮਾਰ ਦੀ ਸੇਵਾ ਕਰਦਾ ਹੈ ਉਹ ਮੇਰੀ ਸੇਵਾ ਕਰਦਾ ਹੈ" ਧੱਮਪਦ ਵਿਚ ਸੇਵਾ ਭਾਵਨਾ ਦੀ ਪ੍ਰਸ਼ੰਸਾ ਕਰਦੇ ਹੋਏ ਉਹ ਕਹਿੰਦੇ ਹਨ:-

"ਸੁਖਦਾਈ ਹੈ ਸੇਵਾ ਜਗ ਵਿਚ ਮਾਤਾ ਅਤੇ ਪਿਤਾ ਦੀ।
ਸੁਖਦਾਈ ਹੈ ਸੇਵਾ ਜਗ ਵਿਚ ਭਿਖਸ਼ੂ ਤੇ ਬੁਧਿ ਜਨ ਦੀ।
ਸੇਵਾ ਜਨ ਨੂੰ ਨਿਰਮਲ ਕਰਦੀ ਸੇਵਾ ਹੈ ਸੁਖਦਾਈ।
ਇਸ ਮਾਰਗ ਤੇ ਚਲਣ ਨਾਲੇ ਸੁਖ ਤਾਂ ਮਿਲੇ ਸਥਾਈ।" (332)

ਬਜ਼ੁਰਗਾਂ ਦੀ ਸੇਵਾ ਕਰਨ ਨਾਲ ਆਯੂ, ਸੁਖ, ਸੁੰਦਰਤਾ ਤੇ ਬਲ ਵਿਚ ਵਾਧਾ ਹੁੰਦਾ ਹੈ।

"ਸਤ ਪੁਰਖਾਂ ਦੀ ਟਹਿਲ ਜੋ ਕਰਨ ਸੱਚੇ ਹਿਰਦੇ ਨਾਲ।
ਸ਼ਰਧਾ ਨਾਲ ਜੋ ਬਜ਼ੁਰਗਾਂ ਦੀ ਕਰਨ ਸੁਰਤ ਸੰਭਾਲ।
ਆਯੂ ਲੰਮੀ ਸੁਖ ਸੁੰਦਰਤਾ, ਬਲ ਨੂੰ ਪਾਕੇ ਜਗ ਵਿਚ।
ਨਾਲ ਤਰੱਕੀ ਖੁਦ ਦੀ ਕਰਨ ਆਪੇ ਆਪ ਨਿਹਾਲ ।" (109)

ਮਹਾਤਮਾ ਬੁੱਧ ਦਾ ਸਭ ਤੋਂ ਵੱਡਾ ਉਪਦੇਸ਼ ਇਹ ਹੈ ਕਿ ਕਾਮ, ਕਰੋਧ, ਲੋਭ, ਮੋਹ, ਹੰਕਾਰ, ਰਾਗ, ਦੋਖ, ਤ੍ਰਿਸ਼ਨਾ ਤੋਂ ਉਚਾ ਹੋ ਕੇ ਸੱਚ ਨੂੰ ਬ੍ਰਹਮ ਨੂੰ ਆਪਣੇ ਅੰਦਰ ਪ੍ਰਫੁਲੱਤ ਕੀਤਾ ਜਾਏ, ਸੱਚਾ ਅਰਹਤ ਬੁੱਧ (ਗਿਆਨੀ), ਭਿਖਸ਼ੂ ਤੇ ਬ੍ਰਹਮਣ ਬਣਿਆ ਜਾਏ ਤੇ ਫਿਰ ਸਾਰੇ ਜਗਤ ਦੇ ਕਲਿਆਣ ਲਈ ਉਪਜਾਉ, ਉਸਾਰੂ ਤੇ ਅਗਾਂਹਵਧੂ ਕੰਮ ਕੀਤੇ ਜਾਣ । ਨਿਸ਼ਕਾਮ ਸੇਵਾ ਕੀਤੀ ਜਾਏ, ਧੱਮਪਦ ਦੇ ਪੰਜ ਵਰਗਾਂ ਪੰਡਿਤ ਵਰਗ (6) ਅਹਰਤ ਵਰਗ (7) ਬੁੱਧ ਵਰਗ (14) ਭਿਖਸ਼ੂ ਵਰਗ (25) ਬ੍ਰਾਹਮਣ ਵਰਗ (26) ਵਿਚ ਉਨ੍ਹਾਂ ਨੇ ਸੱਚੇ ਪੰਡਿਤ ਗਿਆਨੀ, ਸੰਤ ਬ੍ਰਾਹਮਣ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਹੈ।

ਭਗਵਾਨ ਬੁੱਧ ਵਰਗ-ਭੇਦ ਜਾਂ ਜਾਤ-ਪਾਤ ਨੂੰ ਨਹੀਂ ਮੰਨਦੇ। ਉਨ੍ਹਾਂ ਨੇ ਕਿਸੇ ਨੂੰ ਜਨਮ ਤੋਂ ਬ੍ਰਾਹਮਣ ਜਾਂ ਸ਼ੂਦਰ ਨਹੀਂ ਮੰਨਿਆ ਬਲਕਿ ਹਰ ਇਕ ਨੂੰ ਉਸ ਦੇ ਕਰਮਾਂ ਅਨੁਸਾਰ ਉੱਚਾ ਜਾਂ ਨੀਵਾਂ ਸਥਾਨ ਦਿੱਤਾ ਹੈ। ਇਹੋ ਸਿਖਿਆ ਬਾਦ ਵਿਚ ਭਾਰਤ ਦੇ ਹੋਰ ਮਹਾਂਪੁਰਖਾਂ ਨੇ ਦਿੱਤੀ । ਧੱਮਪਦ ਵਿਚ ਉਨ੍ਹਾਂ ਅਨੁਸਾਰ ਬ੍ਰਾਹਮਣ ਜਨਮ ਨਾਲ ਨਹੀਂ ਕਰਮ ਨਾਲ ਹੁੰਦਾ ਹੈ।

"ਬ੍ਰਾਹਮਣ ਮਾਂ ਪਿਉ ਕੁਲ ਦਾ ਜਾਇਆ ਕਦੇ ਨਾ ਹੋਵੇ ਬ੍ਰਾਹਮਨ" (396)
"ਪੰਡਿਤ ਜੇਕਰ ਧਾਰੇ ਜਟਾ, ਮਿਰਗ, ਚਰਮ ਜਗ ਮਾਹੀਂ
ਦਿਲ ਵਿਚ ਉਸ ਦੇ ਮੈਲ ਹੈ ਜੇਕਰ ਉਹ ਤਾਂ ਬ੍ਰਾਹਮਨ ਨਾਹੀਂ"
"ਫੱਟੇ ਪੁਰਾਣੇ ਕਪੜੇ ਪਹਿਨੇ ਹੋਵੇ ਅੱਤ ਕਮਜ਼ੋਰ
ਤਾਂ ਵੀ ਬ੍ਰਾਹਮਨ ਹੈਵੇ ਜੋ ਕਿ ਜਪ ਕਰਦੇ ਤਪ ਰਾਹੀਂ" (394+395)

ਸੱਚਾ ਬ੍ਰਾਹਮਣ ਪੰਡਿਤ, ਗਿਆਨੀ ਅਰਹਤ ਤ੍ਰਿਸ਼ਨਾ ਰਹਿਤ, ਕਰੋਧ ਰਹਿਤ ਤੇ ਸੱਚ ਬੋਲਣ ਵਾਲਾ ਹੁੰਦਾ ਹੈ । ਸੱਚ ਪਰਾਇਣ ਤੇ ਧਰਮ ਪਰਾਇਣ ਹੁੰਦਾ ਹੈ। ਉਹ ਵੈਰੀ ਦਾ ਵੀ ਭਲਾ ਚਾਹੁੰਦਾ ਹੈ। ਦਿਆਲੂ ਤੇ ਨਰਮਦਿਲ ਹੁੰਦਾ ਹੈ। ਮਿੱਤਰਤਾ ਦੀ ਭਾਵਨਾ ਨਾਲ ਭਰਪੂਰ ਸਭ ਜੀਵਾਂ ਦਾ ਭਲਾ ਮੰਗਦਾ ਹੈ।

"ਜਿਹੜਾ ਵੈਰੀ ਦਾ ਹਿਤ ਚਾਹਵੇ ਪ੍ਰੇਮ ਪਿਆਲਾ ਪੀਵੇ।
ਲੜਨ ਵਾਲਿਆ ਸਾਹਵੇਂ ਜਿਹੜਾ ਸ਼ਾਂਤ ਸਦੀਵੀ ਰਹਿਵੇ।" (406)

ਸੱਚਾ ਬ੍ਰਾਹਮਣ ਮਾਇਕ ਲੋਭ ਤੋਂ ਉੱਚਾ ਹੁੰਦਾ ਹੈ। ਉਹ ਆਪਣੀ ਰੋਜ਼ੀ ਸਖਤ ਮਿਹਨਤ ਰਾਹੀਂ ਕਮਾਂਦਾ ਹੈ।

"ਜਿਹੜਾ ਆਪਣੀ ਰੋਜ਼ੀ ਖੱਟੇ ਤਕੜੀ ਘਾਲ ਦੇ ਰਾਹੀਂ।
ਸੱਚਾ ਸੁੱਚਾ ਦੁਨੀਆ ਅੰਦਰ ਬ੍ਰਾਹਮਣ ਹੋਵੇ ਉਹ।" (409)

ਚੰਗਾ ਪੰਡਿਤ ਚੰਗੀ ਸੰਗਤ ਕਰਦਾ ਹੈ। ਉਹ ਆਪਣਾ ਆਪ ਆਗੂ ਬਣ ਕੇ ਸੱਚ ਦਾ ਨੂਰ ਥਾਂ ਥਾਂ ਤੇ ਖਿਡਾਂਦਾ ਹੈ। ਉਸ ਦਾ ਆਪਣੇ ਮਨ ਤੇ ਪੂਰਾ ਕਾਬੂ ਹੁੰਦਾ ਹੈ। ਉਹ ਨਿੰਦਾ ਤੇ ਉਸਤਤ ਨੂੰ ਸਮ ਕਰ ਜਾਣਦਾ ਹੈ । ਭਿਖਸ਼ੂ ਦੇਹ, ਬਾਣੀ ਤੇ ਮਨ ਦਾ ਸੰਜਮ ਰਖਦਾ ਹੈ। ਉਹ ਚੰਨ ਦੇ ਵਾਂਗੂੰ ਪਾਕ ਪਵਿਤਰ ਤੇ ਸੁੱਚਾ ਹੁੰਦਾ ਹੈ। ਜਿਸ ਧਰਤੀ ਤੇ ਨਿਰਮਲ ਤੇ ਪਾਕ ਪਵਿਤਰ ਅਰਹਤ ਵਸਦੇ ਹਨ ਉਹ ਧਰਤੀ ਸਵਰਗ ਬਣ ਜਾਂਦੀ ਹੈ।

"ਬ੍ਰਾਹਮਣ ਉਹ ਹੈ ਜਿਹੜਾ ਆਪਣੇ ਪਾਪਾਂ ਨੂੰ ਸੁਚਿਆਵੇ।
ਪਰਿਵਰਾਜਕ ਉਹ ਹੈ ਜਿਹੜਾ ਮਨ ਦੀ ਮੈਲ ਮਿਟਾਵੇ।
ਭਿਖਸ਼ੂ ਉਹ ਹੈ ਜਿਹੜਾ ਨਿੱਜ ਰਹਿਣੀ ਨੂੰ ਸ਼ਾਂਤ ਬਣਾਵੇ।
ਇਤ ਉਤ ਨੂੰ ਉਹ ਜਿੱਤੇ ਜਿਹੜਾ ਹਉਂ ਨੂੰ ਮਾਰ ਮੁਕਾਵੇ।" (388)

ਇਸ ਤਰ੍ਹਾਂ ਕਾਇਕ, ਮਾਨਸਿਕ, ਆਤਮਿਕ ਅਨੁਸ਼ਾਸਨ ਰਾਹੀਂ ਸਦਾਚਾਰ ਦੇ ਮਾਰਗ ਤੇ ਚਲਦਿਆਂ ਹੋਇਆਂ ਸੱਚਾ ਬ੍ਰਾਹਮਣ ਭਿਖਸ਼ੂ, ਗਿਆਨੀ, ਅਰਹਤ ਮਾਰ ਤੇ ਵਿਜੈ ਪ੍ਰਾਪਤ ਕਰ ਨਿਰਵਾਣ ਪਦ ਨੂੰ ਪ੍ਰਾਪਤ ਕਰਦਾ ਹੈ। ਨਿਰਵਾਣ ਅਵਸਥਾ ਜਨਮ ਮਰਨ ਦੇ ਗੇੜ ਤੋਂ ਛੁਟਕਾਰੇ ਤੇ ਪਰਮਸ਼ਾਂਤੀ ਤੇ ਪਰਮਾਨੰਦ ਦੀ ਅਵਸਥਾ ਹੈ। ਇਹ ਉਹ ਅਧਿਆਤਮਿਕ ਸਥਿਤੀ ਹੈ ਜਦੋਂ ਮਨੁੱਖ ਜੀਵਨ ਮੁਕਤੀ ਪ੍ਰਾਪਤ ਕਰ ਸੱਚ ਵਿਚ ਸਮਾ ਜਾਂਦਾ ਹੈ। ਤ੍ਰਿਸ਼ਨਾਂ ਤੇ ਅਗਿਆਨਤਾ ਤੇ ਕਾਬੂ ਪਾਕੇ ਗਿਆਨ ਦੀ ਪ੍ਰਾਪਤੀ ਰਾਹੀਂ ਨਿਰਵਾਨ ਪ੍ਰਾਪਤ ਕੀਤਾ ਜਾ ਸਕਦਾ ਹੈ।

"ਜਿਨ੍ਹਾਂ ਦਾ ਚਿੱਤ ਗਿਆਨ ਦੇ ਸੱਤੇ ਅੰਗਾਂ ਸੰਗ ਹੈ ਖਿੜਿਆ।
ਜਿਹੜੇ ਪੂਰੇ ਨਿਰਮੋਹੀ ਤੇ ਰੱਖਦੇ ਨੇ ਜਤ ਕਿਰਿਆ।
ਜਿਹੜੇ ਪਾਕ ਤੇ ਵਿਕਸਿਤ ਰਹਿਵਣ ਅੰਦਰ ਹਰ ਇਕ ਹਾਲ।
ਉਹੀ ਜੀਵਨ ਮੁਕਤੀ ਪਾਕੇ ਸੱਚ ਵਿਚ ਜਾਣ ਸਮਾ। (89)

ਭਗਵਾਨ ਬੁੱਧ ਦੇ ਨੈਤਿਕ ਤੇ ਸਦਾਚਾਰਕ ਜੀਵਨ ਦੀ ਉਸਾਰੀ ਸੰਬੰਧੀ ਇਨ੍ਹਾਂ ਵਿਚਾਰਾਂ ਨੂੰ ਵਾਰੀ ਵਾਰੀ ਧੱਮਪਦ ਵਿਚ ਦੁਹਰਾਇਆ ਗਿਆ ਹੈ। ਪਰੰਤੂ ਬੁੱਧ ਇਹ ਨਹੀਂ ਕਹਿੰਦੇ ਕਿ ਜੋ ਮੈਂ ਕਹਿੰਦਾ ਹਾਂ ਇਸ ਤੇ ਭਰੋਸਾ ਕਰ ਲਵੋ। ਉਹ ਕਹਿੰਦੇ ਹਨ "ਜਿਵੇਂ ਸੋਨੇ ਨੂੰ ਤਪਾ ਕੇ ਫਿਰ ਕਸਵੱਟੀ ਤੇ ਪਰਖਿਆ ਜਾਂਦਾ ਹੈ ਇਸੇ ਤਰ੍ਹਾਂ ਹੇ ਭਿਖਸ਼ੂ, ਮੇਰੇ ਵਚਨਾਂ ਨੂੰ ਮੇਰੇ ਗੌਰਵ ਦੀ ਖਾਤਰ ਗ੍ਰਹਿਣ ਨਾ ਕਰੋ। ਸੋਚੋ, ਵਿਚਾਰੋ, ਵਿਸ਼ਲੇਸ਼ਣ ਕਰੋ, ਖੋਜੋ, ਅਨੁਭਵ ਕਰੋ—ਠੀਕ ਲਗੇ ਤਾਂ ਭਰੋਸਾ ਕਰ ਲਵੋ।" ਬੱਧ ਦੇ ਅੰਤਿਮ ਬਚਨ ਸਨ, "ਅੱਖ ਦੀਪੋ ਭਵ" ਆਪਣਾ ਦੀਪਕ ਖੁਦ ਬਣੋ। ਆਪਣੀ ਰੋਸ਼ਨੀ ਖੁਦ ਪੈਦਾ ਕਰੋ। "ਅੱਤਾ ਹੀ ਅੱਤਨੋ ਨਾਥੋ। ਅੱਤਾ ਹੀ ਅੱਤਨੋ ਗਤਿ" ਮਨੁੱਖ ਆਪਣਾ ਆਪ ਸੁਆਮੀ ਹੈ। ਆਪਣੀ ਗਤੀ ਉਸ ਦੇ ਆਪਣੇ ਹੱਥ ਹੈ। ਅੱਤਾ ਹੀ ਅਤਨੋ ਨਾਥੋ ਕੋ ਹੀ ਨਾਥੋ ਮਰੋ ਸਿਯਾ। ਕੋਈ ਦੂਸਰਾ ਤੁਹਾਡਾ ਕਲਿਆਣ ਨਹੀਂ ਕਰ ਸਕਦਾ। ਆਪਣੀ ਹਿੰਮਤ ਨਾਲ ਆਪਣੀ ਸ਼ਕਤੀ ਨਾਲ ਆਪਣੇ ਜੀਵਨ ਦਾ ਦੀਪਕ ਬਣਨਾ ਹੈ। ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ ਅਸੀਂ ਆਪਣੇ ਆਪ ਨੂੰ ਖੁਦ ਪਹਿਚਾਨਣਾ ਹੈ। "ਮਨ ਤੂੰ ਜੋਤ ਸਰੂਪ ਹੈ ਆਪਣਾ ਮੂਲ ਪਛਾਣ"

ਭਗਵਾਨ ਬੁੱਧ ਧਰਮ ਦੇ ਤਾਤਵਿਕ, ਸਿਧਾਂਤਿਕ ਅਤੇ ਦਾਰਸ਼ਨਿਕ ਵਿਸ਼ਲੇਸਣ ਵਿਚ ਨਹੀਂ ਪਏ । ਉਹ ਤੇ ਜੀਵਨ ਦੀ ਅਗਵਾਈ ਲਈ ਕੁਝ ਸਰਲ ਤੇ ਸਾਦੇ ਨਿਯਮ ਸਾਡੇ ਸਾਹਮਣੇ ਰਖਦੇ ਹਨ ਜਿਨ੍ਹਾਂ ਤੇ ਚਲ ਕੇ ਅਸੀਂ ਆਪਣੇ ਚਰਿਤਰ ਦੀ ਉਸਾਰੀ ਕਰ ਸਕਦੇ ਹਾਂ ਮਾਨਸਿਕ ਸ਼ਾਂਤੀ ਪ੍ਰਾਪਤ ਕਰ ਸਕਦੇ ਹਾਂ। ਇੰਜ ਮਹਿਸੂਸ ਹੁੰਦਾ ਹੈ ਜਿਵੇਂ ਇਕ ਸਿਆਣਾ ਬਾਪ ਦੁਨੀਆ ਵਿਚ ਪ੍ਰਵੇਸ਼ ਕਰਨ ਵਾਲੇ ਪੁੱਤਰ ਨੂੰ ਸਿਖਿਆਦਾਇਕ ਉਪਦੇਸ਼ ਦੇ ਰਿਹਾ ਹੋਵੇ।

ਅਜ ਦੇ ਮਾਨਸਿਕ ਤਨਾਉ ਦੀ ਦੁਨੀਆ ਵਿਚ ਬੁੱਧ ਦਾ ਧਿਆਨ (Meditation) ਤੇ ਬਲ ਸਰੀਰਕ ਧਾਰਮਿਕ ਤੇ ਮਨੋਵਿਗਿਆਨਿਕ ਮਹੱਤਵ ਰਖਦਾ ਹੈ, ਪਿਆਰ, ਕਰੁਣਾ ਤੇ ਸ਼ਾਂਤੀ ਦਾ ਉਪਦੇਸ਼ ਹਰ ਦੇਸ਼ ਤੇ ਹਰ ਸਮੇਂ ਲਈ ਸਦੀਵੀ ਮਹੱਤਵ ਰਖਦੇ ਹਨ। ਧੱਮਪਦ ਦੇ ਅਮੋਲ ਵਚਨ ਸੰਪੂਰਣ ਮਨੁੱਖਤਾ ਲਈ ਕਲਿਆਣਕਾਰੀ ਹਨ।

ਜਿਥੇ ਧੱਮਪਦ ਨੈਤਿਕ ਤੇ ਸਦਾਚਾਰਕ ਪੱਖੋਂ ਇਕ ਮਹਾਨ ਗ੍ਰੰਥ ਹੈ ਉਥੇ ਕਾਵਿਕ ਤੇ ਸਾਹਿੱਤਕ ਪੱਖੋਂ ਇਸ ਦੀ ਮਹਾਨਤਾ ਤੇ ਸ੍ਰੇਸ਼ਟਤਾ ਕੁਝ ਘੱਟ ਨਹੀਂ। ਭਗਵਾਨ ਬੁੱਧ ਬੜੀਆਂ ਸਰਲ ਤੇ ਵਾਤਾਵਰਣ ਵਿਚੋਂ ਲਈਆਂ ਉਪਮਾਵਾਂ ਦ੍ਰਿਸ਼ਟਾਂਤਾਂ ਨਾਲ ਆਪਣੇ ਵਿਸ਼ੇ ਨੂੰ ਸਪਸ਼ਟ ਕਰਦੇ ਹਨ। ਬੁੱਧ ਦੇ ਵਚਨਾਂ ਵਿਚ ਕਾਵਿਕ ਰਸ ਹੈ। ਅਲੰਕਾਰ ਸੁਭਾਵਕ ਰੂਪ ਵਿਚ ਕਵਿਤਾ ਦਾ ਸ਼ਿੰਗਾਰ ਬਣੇ ਹਨ। ਉਦਾਹਰਣ ਦੇ ਤੌਰ ਤੇ ਭਗਵਾਨ ਬੁੱਧ ਦੁਆਰਾ ਦਿੱਤੀਆਂ ਕਈ ਉਪਮਾਵਾਂ ਤਾਂ ਐਸੀਆਂ ਹਨ ਜੋ ਮਨ ਤੇ ਸਥਾਈ ਪ੍ਰਭਾਵ ਪਾਂਦੀਆਂ ਹਨ।

1. ਜਨ ਪਿੱਛੇ ਜਿਉਂ ਜਾਵੇ ਛਾਇਆ ਤੇ ਨਾਂ ਉਸ ਨੂੰ ਛੱਡੇ।
ਈਕਣ ਚੰਗੇ ਮਨ ਦੇ ਪਿੱਛੇ ਸੁਖ ਹਮੇਸ਼ਾ ਲੱਗੇ।

2. ਜੀਵਨ ਰਣ ਦੇ ਅੰਦਰ ਉਸ ਨੂੰ ਈਕਣ ਮਾਰ ਗਿਰਾਵੇ।
ਜੀਕਣ ਦੁਰਬਲ ਬਿਰਖ ਦੇ ਤਾਈਂ ਵਾਯੂ ਹੇਠ ਡਿਗਾਵੇ।

3. ਸੁਛੱਤੇ ਥਾਂ ਅੰਦਰ ਜੀਕਣ ਵਰਖਾ ਜਾ ਨਾ ਸਕੇ।
ਚੰਗੇ ਮਨ ਵਿਚ ਰਾਗ-ਦੋਖ ਇੰਜ ਫੇਰਾ ਪਾ ਨਾ ਸਕੇ।

4. ਕੀਤਾ ਹੋਇਆ ਪਾਪ ਕਰਮ ਤਾਂ ਇਕਦਮ ਫ਼ਲ ਨਹੀਂ ਦਿੰਦਾ।
ਜੀਕਣ ਦੁੱਧ ਇੱਕਦਮ ਫ਼ੌਰਨ ਆਪ ਦਹੀ ਨਹੀਂ ਹੁੰਦਾ।

5. ਜਲ ਦੇ ਤੁਪਕੇ ਤੁਪਕੇ ਨਾਲ ਭਰ ਜਾਂਦਾ ਹੈ ਘੜਾ।
ਥੋੜੇ ਥੋੜੇ ਪਾਪਾਂ ਸਿਉ ਇਉਂ ਜਾਂਦੈ ਜੀਵਨ ਭਰਾ।

6. ਆਵਣ ਜਾਵਣ ਪਏ ਮੁਸਾਫਿਰ ਦੁਨੀਆ ਅੰਦਰ ਧੁਰ ਤੋਂ
ਜੋ ਜੰਮਿਐ ਇਸ ਜਗ ਦੇ ਅੰਦਰ ਉਸ ਨੇ ਜਾਣੈ ਓੜਕ ਮਰ।

7. ਸਚੀਂ ਮੁਚੀਂ ਉਹ ਚਮਕਦੇ ਈਕਣ ਜਗ ਵਿਚਕਾਰ।
ਮੇਘਾਂ ਤੋਂ ਸੁਤੰਤਰ ਚੰਨ ਜਿਉਂ ਚਾਨਣ ਦਏ ਖਿਲਾਰ।
ਬੰਧਨ ਯੁਕਤ ਇਸ ਜਗ ਦੇ ਅੰਦਰ ਵਿਰਲੇ ਬੰਦੇ ਇਹੋ ਜਿਹੇ
ਜਾਲ ਤੋਂ ਛੁਟੇ ਪੰਖੀ ਵਾਂਗ ਜੋ ਪਾਉਣ ਅਸਮੀ ਸੁਖ।

9. ਧਨ, ਸੰਤਾਨ ਦੇ ਮੋਹਵਾਨਾਂ ਨੂੰ ਈਕਣ ਮੌਤ ਲਿਜਾਏ।
ਸੁਤੇ ਪਿੰਡ ਨੂੰ ਜਲ ਦਾ ਜੀਕਣ ਤਿੱਖਾਂ ਵੇਗ ਵਹਾਏ।

10. ਐਪਰ ਦੁਰਜਨ ਜਗ ਦੇ ਅੰਦਰ ਇਉ ਗੁੰਮਰਾਹ ਹੋ ਜਾਣ।
ਤੀਰ ਹਨ੍ਹੇਰੇ ਵਿਚ ਜਿਉਂ ਸੁਟੇ ਨਜ਼ਰੀ ਕਿਤੇ ਨਾ ਆਣ।

ਇਨ੍ਹਾਂ ਉਦਾਹਰਣਾਂ ਦੀ ਤਰ੍ਹਾਂ ਧੱਮਪਦ ਕਾਵਿਕ ਅਲੰਕਾਰਾਂ ਨਾਲ ਭਰਪੂਰ ਹੈ ਜੋ ਭਾਵ ਪ੍ਰਕਾਸ਼ਨ ਵਿਚ ਅਤਿਅੰਤ ਸਹਾਇਕ ਹਨ। ਧੱਮਪਦ ਦੀ ਭਾਸ਼ਾ ਸੁਭਾਵਿਕ ਸਰਲ ਤੇ ਰੋਚਕ ਹੈ। ਬੋਧ ਭਿਖਸ਼ੂ ਇਸਦੇ ਪਦਾਂ ਨੂੰ ਗਾ ਗਾ ਕੇ ਪੜ੍ਹਦੇ ਹਨ। ਇਸ ਲਈ ਇਨ੍ਹਾਂ ਵਿਚ ਸਰੋਦੀ ਝਨਕਾਰ ਹੈ। ਇਕ ਸੰਗੀਤ ਹੈ। 'ਧੱਮਪਦ' ਵਿਚ ਵਿਸ਼ੇ ਪੱਖ ਤੇ ਭਾਵ ਪੱਖ ਦੋਨਾਂ ਦਾ ਸੁਮੇਲ ਹੈ। ਭਾਵ, ਕਲਾ, ਵਿਸ਼ਾ ਵਸਤੂ ਤੇ ਸ਼ਿਲਪ ਦੋਹਾਂ ਦ੍ਰਿਸ਼ਟੀਆਂ ਤੋਂ ਧੱਮਪਦ ਬੁੱਧ ਸਾਹਿਤ ਦੀ ਅਦੁਤੀ ਕਿਰਤ ਹੈ। ਇਸ ਵਿਚ ਦਿੱਤੀਆਂ ਸਿਖਿਆਵਾਂ ਤੇ ਉਪਦੇਸ਼ ਸੰਪੂਰਨ ਮਾਨਵਤਾ ਲਈ ਕਲਿਆਣਕਾਰੀ ਹਨ। ਇਸ ਲਈ ਧੱਮਪਦ ਸੰਪੂਰਨ ਸੰਸਾਰ ਦੀ ਅਦੁਤੀ, ਅਮੁੱਲ ਤੇ ਸਾਂਝੀ ਰਚਨਾ ਹੈ।

"ਪਰਥਾਏ ਸਾਖੀ ਮਹਾਂਪੁਰਖ ਬੋਲਦੇ ਸਾਂਝੀ ਸਗਲ ਜਹਾਨੇ"

ਅੰਮ੍ਰਿਤ ਕੌਰ ਰੈਣਾ

ਨੋਟ : ਪੁਸਤਕ ਵਿਚ ਧਮਪੱਦ ਦੀ
ਥਾਂ ਧੱਮਪਦ ਪੜ੍ਹਿਆ ਜਾਵੇ।

ਪਹਿਲਾ ਵੱਗ

ਯਮਕ ਵੱਗੋ (ਯਮਕ ਵਰਗ)

ਮਨੋਪੁਬੰਗੇਮਾ ਧੱਮਾ, ਮਨੋਸੇਟਨਾ ਮਨੋਮਯਾ।
ਮਨਸਾ ਚੇ ਪੁਦੁੱਠੇਨ ਭਾਸਿਤ ਵਾ ਕਰੋਤਿ ਵਾ।
ਤਤੋ ਨੰ ਦੁਕਖੰ ਅਨਵੇਤਿ ਚੱਕੰ ਵ ਵਹਤੋ ਪਦੰ ॥1 ॥

1. ਜੀਵਨ ਦੇ ਭਾਵਾਂ ਦਾ ਮੁੱਢ ਤਾਂ ਸਚਮੁਚ ਮਨ ਤੋਂ ਹੁੰਦੈ।
ਮਨ ਹੀ ਹੈ ਪਰਧਾਨ ਉਨ੍ਹਾਂ ਦਾ ਉਹ ਨੇ ਸਾਰੇ ਮਨ-ਮਯ।
ਬਲਦ ਵਾਲੇ ਪੈਰਾਂ ਨੂੰ ਜਿਉਂ ਚੱਕਰ ਛੱਡੇ ਨਾਹੀਂ।
ਈਕਣ ਭੈੜੇ ਜਨ ਦੇ ਮਨ ਤੋਂ ਦੁੱਖ ਨਾ ਕਦੀ ਟਲੈ॥
ਮਨੋ ਪੁਬੱਗੇਮਾ ਧੱਮਾ ਮਨੋਸੇਟਠਾ ਮਨੋਮਯਾਂ।
ਮਨਸਾ ਚੇ ਪਸੱਨੇਨ ਭਾਸਤਿ ਵਾ ਕਰੋਤਿ ਵਾ।
ਤਤੋ ਨੇ ਸੁੱਖੰ ਆਨਵੇਤਿ ਚੱਕੰ ਵ ਵਹਤੋ ਪਦੰ ॥2 ॥

2. ਜੀਵਨ ਦੇ ਭਾਵਾਂ ਦਾ ਮੁੱਢ ਤਾਂ ਸਚਮੁਚ ਮਨ ਤੋਂ ਹੁੰਦੈ।
ਮਨ ਹੀ ਹੈ ਪਰਧਾਨ ਉਨ੍ਹਾਂ ਦਾ, ਉਹ ਨੇ ਸਾਰੇ ਮਨ-ਮਯ।
ਜਨ ਪਿੱਛੇ ਜਿਉਂ ਜਾਵੇ ਛਾਇਆ ਤੇ ਨਾ ਉਸ ਨੂੰ ਛੱਡੇ।
ਈਕਣ ਚੰਗੇ ਮਨ ਦੇ ਪਿੱਛੇ ਸੁਖ ਹਮੇਸ਼ਾ ਲਗੇ।
ਅੱਕੋਚਛਿ ਮੇ ਅਵਧਿ ਮੰ ਅਜਿਨਿ ਮੰ ਅਹਾਸਿ ਮੇ।
ਯੇਚ ਤੰ ਉਪਨਯਹੇਤਿ, ਵੇਰੰ ਤੇਸੰ ਨ ਸਮੰਤਿ ॥3 ॥

3. ਉਸ ਨੇ ਮੈਨੂੰ ਮੰਦ ਬੋਲਿਆ, ਉਸ ਨੇ ਮੈਨੂੰ ਮਾਰਿਆ।
ਉਸ ਨੇ ਮੇਰਾ ਧਨ ਹੈ ਲੁਟਿਆ, ਉਸ ਨੇ ਮੈਨੂੰ ਹਰਾਇਆ।
ਜਿਹੜਾ ਇਨ੍ਹਾਂ ਭਾਵਾਂ ਨੂੰ ਸੱਦ ਮਨ ਦੇ ਅੰਦਰ ਰੱਖੇ।
ਉਸ ਦਾ ਦੂਰ ਨਾ ਹੋਵੇ ਕਦੇ ਵੈਰ-ਭਾਵ ਅੰਧਿਆਰਾ॥
ਅੱਕੋਚਛਿ ਮੰ ਅਵਧਿੰ ਮੰ, ਅਜਿਨਿ ਮੰ ਅਹਾਸਿ ਮੇ।
ਯੇਚ ਤੰਨ ਉਪਨਯਹੇਤਿ, ਵੇਰੰ ਤੇਸੁ ਉਪੱਸਮੰਤਿ ॥4 ॥

ਯਮਕ-ਜੋੜਾ (Twin Verses)

4. ਉਸ ਨੇ ਮੈਨੂੰ ਮੰਦ ਬੋਲਿਆ ਉਸ ਨੇ ਮੈਨੂੰ ਮਾਰਿਆ।
ਉਸ ਨੇ ਮੇਰਾ ਧਨ ਹੈ ਲੁਟਿਆ, ਉਸ ਨੇ ਮੈਨੂੰ ਹਰਾਇਆ।
ਜਿਹੜੇ ਇਨ੍ਹਾਂ ਭਾਵਾਂ ਤਾਈਂ ਦਿਲ ਦੇ ਨਾਲ ਨਾ ਜੋੜਨ।
ਉਹਨਾਂ ਕੋਲੋਂ ਵੈਰ ਭਾਵ ਤਾਂ ਕਰਨ ਦੂਰ ਕਿਨਾਰਾ॥
ਨਾ ਹਿ ਵੇਰੇਨ ਵੇਰਾਨਿ ਸੱਮੰਤੀਧ ਕੁਦਾਚੰਨ।
ਅਵੇਰੇਨ ਚ ਸੱਮੰਤਿ, ਏਸ ਧੱਮੋ ਮੰਨਤਨੋ॥ 5॥

5. ਵੈਰ ਵੈਰ ਦੇ ਨਾਲ ਨਾ ਕਦੇ ਹੋ ਸਕਦਾ ਹੈ ਸ਼ਾਂਤ।
ਵੈਰ ਤਾਂ ਮਿਟਦੈ ਨਾਲ ਮਿੱਤਰਤਾ ਇਹ ਹੈ ਧਰਮ ਸਿਧਾਂਤ।
ਹਾਸਲ ਕਰਨਾ ਚਾਹੁਣ ਜਿਹੜੇ ਜਗ ਵਾਲਾ ਸਹਿਯੋਗ।
ਪੂਰਨ ਪ੍ਰੇਮ ਦਾ ਦਿਲੋਂ ਮੰਨਣ ਗੁਣਕਾਰੀ ਮਤਾਂਤ॥
ਪਰੇ ਚ ਨ ਵਿਜਾਨੰਤਿ, ਮਯਮੇਤਥ ਯਮਾਮਸੇ।
ਯੇ ਚ ਤਤਥ ਵਿਜਾਨੰਤਿ, ਤਤੋ ਸੱਮੰਤਿ ਮੇਧਗਾ।।6॥

6. ਮੌਤ ਨੂੰ ਅਟੱਲ ਮੰਨਣ ਨਾ ਜੋ ਅਗਿਆਨੀ ਕਹਿਲਾਣ।
ਮੌਤ ਨੂੰ ਅਟੱਲ ਮੰਨਣ ਜਿਹੜੇ ਝਗੜਿਆਂ ਤੋਂ ਛੁਟ ਜਾਣ।
ਮੌਤ ਹੈ ਅਟੱਲ ਓੜਕ ਇਸਨੇ ਇਕ ਦਿਨ ਹੈ ਆਣਾ।
ਅਮਰ ਆਤਮਾ ਦੇ ਸ਼ਰਧਾਲੂ ਮੌਤ ਤੇ ਫ਼ਤਹ ਪਾਣ॥
ਸੁਭਾਨੁੱਪਸਿੰ ਵਿਹਰੰਤੰ, ਇੰਦ੍ਰਿਯੇਸੁ ਅਸੰਵੁਤੰ।
ਭੋਜਨੰ ਹਿ ਚ ਆਮਤੱਞੁ ਕੁਸੀਤੰ ਹੀਨਵੀਰਿਯ।
ਤੰ ਵੇ ਪਸਹਤਿ ਮਾਰੋ, ਵਾਤੋ ਰੁਕਖੰ ਵ ਦੁੱਬਲੰ॥7॥

7. ਚਸਕਾਂ ਦਾ ਜੋ ਪਿੱਠੂ ਬਣ ਕੇ ਬੇਨੇਮਾ ਹੋ ਜਾਏ।
ਜੀਵਨ-ਪੱਤ ਨੂੰ ਜੋ ਖੋ ਦੇਵੇ, ਢਿਡ ਭਰ ਭਰ ਜੋ ਖਾਏ।
ਜੀਵਨ-ਰਣ ਦੇ ਅੰਦਰ ਉਸ ਨੂੰ ਈਕਣ 'ਮਾਰ' ਗਿਰਾਵੇ।
ਜੀਕਣ ਦੁਰਬਲ ਬਿਰਖ ਦੇ ਤਾਈਂ ਵਾਯੂ ਹੇਠ ਡਿਗਾਵੇ॥
ਅਸੁਭਨੁਪਸਿੰ ਵਿਹਰੰਤੰ, ਇੰਦ੍ਰਿਯੇਸ਼ੁ ਸੁਸੰਵੁਤੰ।
ਭੋਜਨੰ ਹਿਚ ਮੱਤੱਞੂ ਸਦਧੰ ਆਰਦਧਵੀਰਿਯੰ।
ਤੰ ਵੇ ਨੱਪਸਹਤਿ ਮਾਰੋ, ਵਾਤੋ ਸੇਲੰ ਵ ਪੱਬਤੰ॥8॥

8. ਨਾ ਦੇਖੇ ਜੋ ਲਜ਼ਤ ਵੱਲੇ, ਜੋ ਸੰਜਮ ਅਪਨਾਏ।
ਜਿਹੜਾ ਸ਼ਰਧਾ ਤੇ ਜਤ ਰਖੇ, ਖਾਣਾ ਥੋੜਾ ਖਾਏ।
ਜੀਵਨ-ਰਣ ਵਿਚ 'ਮਾਰ' ਉਸ ਨੂੰ ਇੰਜ ਨਾ ਕਦੇ ਭੁਲਾਏ।
ਜੀਕਣ ਵਾਯੂ ਪਰਬਤ ਤਾਈਂ ਮੂਲ ਨਾ ਕਦੇ ਹਿਲਾਏ॥

ਅਨਿੱਕਸਾਵੋ ਕਾਸਾਵੰ, ਯੋ ਵਤਥੰ ਪਰਿਦਹਿੱਸਤੀ॥
ਅਪੇਤੋ ਦਮਸੱਚੇਨ, ਨ ਸੋ ਕਾਸਾਵੰ ਅਰਹਤਿ॥9॥

9. ਮਨ ਹੈ ਜਿਸ ਦਾ ਮੈਲਾ ਉਸ ਨੂੰ ਸਾਧ-ਭੇਖ ਨਾ ਤਾਰੇ।
ਸਾਧ-ਭੇਖ ਦੇ ਯੋਗ ਹੈ ਉਹੀ ਚਿੱਤ-ਸੰਜਮ ਜੋ ਧਾਰੇ।
ਸਾਧ ਹੈ ਉਹੀ ਮਾਇਆ ਵਿਚ ਜੋ ਰਹਿੰਦਾ ਹੈ ਨਿਰਲੇਪ।
ਸਾਧ ਹੈ ਉਹੀ ਸਾਸ ਸਾਸ ਹੋ ਹਰਿ ਹਰਿ ਨਾਮ ਚਿਤਾਰੇ॥
ਯੇਚ ਵੰਤਕਸਾਵਸੱ, ਸੀਲੇਸੁ ਸੁਸਮਾਹਿਤੇ।
ਉਪੇਤ ਦਮਸੱਚੇਨ, ਸ ਵੇ ਕਾਸਾਵ ਅਰਹਤਿ॥10॥

10. ਜਿਹੜਾ ਰੱਖੇ ਉੱਜਲ ਮਨ ਤੇ ਸਦਾਚਾਰ ਤੇ ਸੰਜਮ।
ਸਾਧ ਭੇਖ ਦੇ ਯੋਗ ਹੈ ਉਹੀ ਜਗ ਵਿਚ ਮਾਣਸ ਉਤਮ।
ਸਾਧ ਤਾਂ ਇਕੋ ਸਚ ਨੂੰ ਵੇਖਣ ਸਭਨਾਂ ਜੀਵਾਂ ਅੰਦਰ।
ਅਤੇ ਈਕਣ ਸਾਂਝ ਭਾਵ ਸਿਉਂ ਸਭ ਵਿਚ ਰਹਿਵਣ ਰਮ॥
ਅਸਾਰੇ ਸਾਰਮਤਿਨੋ, ਸਾਰੇ ਚ ਅਸਾਰੱਦਸਿਨੋ॥
ਤੇ ਸਾਰੇ ਨ ਅਧਿਗਾਚਛੇਤਿ ਮਿਚਛਾਸੰਕ ਪੱਗੋਚਰਾ॥11॥

11. ਕੂੜ ਵਿਚ ਜੋ ਸੱਚ ਨੂੰ ਵੇਖਣ ਸੱਚ ਵਿਚ ਵੇਖਣ ਮਿਥਿਆ।
ਕੇਵਲ ਸੱਚ ਦੇ ਤਾਈਂ ਉਹ ਤਾਂ ਨਾ ਸਕਣ ਆਪਣਾ।
ਦੰਭੀ ਬੰਦੇ ਜੀਵਨ-ਪਦ ਨੂੰ ਹਰਗਿਜ ਪਾ ਨਾ ਸਕਣ।
ਉਹ ਤਾਂ ਕੂੜ-ਵਿਚਾਰਾਂ ਅੰਦਰ ਦੇਵਣ ਜੂਨ ਗੰਵਾ॥
ਮਾਰੰ ਚ ਸਾਰਤੋ ਵਤਵਾ, ਅਸਾਰੰ ਚ ਅਸਾਰਤੋ।
ਤੇ ਸਾਰੰ ਅਧਿਗਚਛੰਤਿ, ਸੱਮਾਸੰਕੱਪਗੋਚਰਾ।।12।।

12. ਸੱਚ ਨੂੰ ਜਿਹੜੇ ਸੱਚ ਹੀ ਸਮਝਣ ਕੂੜ ਨੂੰ ਕੂੜ ਹੀ ਜਾਨਣ
ਕੇਵਲ ਉਹੀ ਦੁਨੀਆ ਅੰਦਰ ਨਿਰਮਲ ਸੱਚ ਨੂੰ ਲਭਣ।
ਆਪਣੇ ਆਪੇ ਦੇ ਸੱਚ ਉਪਰ ਜਿਹੜੇ ਨਿਸਚਾ ਧਾਰਨ।
ਉਹੀ ਨਿੱਜੀ ਵਿਚਾਰਾਂ ਤਾਈਂ ਜੇਤੂ ਹੋਕੇ ਵਰਤਣ॥
ਯਥਾ ਅਗਾਰੰ ਦੁਚਛੰਨੰ ਵੁਟ੍ਠੀ ਸਮਤਿ ਵਿਜਝਤਿ।
ਏਵੰ ਅਭਾਵਿਤੰ ਚਿਤੰ, ਰਾਗੋ ਸਮਤਿਵਿਜਝਤਿ।।13।।

13. ਕੁਛੱਤੇ ਥਾਂ ਅੰਦਰ ਜੀਕਣ ਵਰਖਾ ਦਾਖਿਲ ਹੋਵੇ।
ਈਕਣ ਮੈਲੇ ਮਨ ਦੇ ਅੰਦਰ, ਰਾਗ ਤੇ ਦੋਖ ਸਮੋਵੇ।
ਜਿਸ ਦੇ ਮਨ ਦੇ ਅੰਦਰ ਨਾ ਹੀ ਸੱਤ ਧਰਮ ਦੀ ਟੇਕ।
ਉਹੀ ਬੇ-ਸਹਾਰਾ ਹੋਕੇ ਜਗ ਵਿਚ ਆਪਾ ਖੋਵੇ।।

ਯਥਾ ਅਗਾਰੰ ਸੁਛੰਨੰ, ਵੁਟਠੀ ਨ ਸਮਤਿਵਿਜਝਤਿ।
ਏਵੰ ਸੁਭਾਵਿਤੰ ਚਿੱਤ, ਰਾਗੋ ਨ ਸਮਤਿਵਿਜਝਤਿ ॥14॥

14. ਸੁਛੱਤੇ ਥਾਂ ਅੰਦਰ ਜੀਕਣ ਵਰਖਾ ਜਾ ਨਾ ਸਕੇ।
ਚੰਗੇ ਮਨ ਵਿਚ ਰਾਗ-ਦੋਖ ਇੰਜ ਫੇਰ ਪਾ ਨਾ ਸਕੇ।
ਜਿਸ ਦੇ ਮਨ ਦੇ ਉਪਰ ਰਹਿੰਦੈ 'ਜਤ' ਦਾ ਪਹਿਰੇਦਾਰ।
ਉਹ ਵਿਸ਼ਿਆਂ ਦੇ ਫੰਦੇ ਅੰਦਰ ਕਦੇ ਆ ਨਾ ਸਕੇ॥

ਇਸ ਸੋਚਤਿ ਪੇਚੱ ਸੋਚਤਿ, ਪਾਪਕਾਰੀ ਉਭਯਤਥ ਸੋਚਤਿ।
ਸੋ ਸੋਚਤਿ ਸੋ ਵਿਹੱਵਤਿ, ਦਿਵਾ ਕੱਮੰਕਿਲਿਟਠੰ ਅੱਤਨੋ।।15।।

15. ਲੋਕ ਤੇ ਪਰਲੋਕ ਦੇ ਅੰਦਰ ਪਾਪੀ ਸੋਗੀ ਹੋਵੇ।
ਦੋਈ ਜਹਾਨੀਂ ਉਹ ਤਾਂ ਆਪਣੇ ਮੰਦ-ਭਾਗਾਂ ਨੂੰ ਰੋਵੇ।
ਸਚੀਂ ਮੁਚੀਂ ਉਹ ਤਾਂ ਹੁੰਦੈ ਇਤ ਉਤ ਸਦਾ ਖ਼ੁਆਰ।
ਉਹ ਤਾਂ ਮੂਰਖ ਆਪਣੇ ਹੱਥੀਂ ਆਪਣਾ ਆਪ ਵਿਗੋਂਵੇ॥

ਇਸ ਮੋਦਤਿ ਪੇ ਚੱ ਮੋਦਤਿ, ਕਤਪੁੱਵੋ ਉਭਯਤਥ ਮੋਦਤਿ।
ਸੋ ਮੋਦਤਿ ਸੋ ਪਮੋਦਤਿ, ਦਿਸਵਾ ਕੱਮੱਵਿਸੁਦਧਿ ਅੱਤਨੋ।। 16।।

16. ਲੋਕ ਅਤੇ ਪਰਲੋਕ ਦੇ ਅੰਦਰ ਧਰਮੀ ਪਾਣ ਵਿਗਾਸ।
ਚੰਗੇ ਕੰਮਾਂ ਕਾਰਣ ਪਾਵਣ ਉਹ ਜੀਵਨ ਦੀ ਰਾਸ।
ਸਚੀਂ ਮੁਚੀਂ ਧਰਮੀ ਬੰਦੇ ਹੈਵਨ ਜਗ ਤੇ ਤਾਰੂ।
ਉਨ੍ਹਾਂ ਉਪਰ ਫੁੱਲ ਵਰਸਾਵਣ ਧਰਤੀ ਅਤੇ ਅਕਾਸ਼॥

ਇਧ ਤਪਤਿ ਪੇਚੱ ਤੱਪਤਿ, ਪਾਪਕਾਰੀ ਉਭਯਤਥ ਤਪਤਿ।
ਪਾਪੰ ਮੇ ਕਤੰ ਤਿ ਤੱਪਤਿ, ਭਿੱਯੋ ਤੱਪਤਿ ਦੁੱਗਤਿੰ ਗਤੋ।।17।।

17. ਹਲਤ ਪਲਤ ਵਿਚ ਪਾਪੀ ਜਨ ਤਾਂ ਪਾਂਦੈ ਦੁੱਖ ਦਾ ਹਾਵਾ।
ਮੈਂ ਕੀਤੇ ਨੇ ਪਾਪ "ਇਹ ਕਹਿ ਕੇ ਕਰਦਾ ਹੈ ਪਛਤਾਵਾ।
ਪਾਪ ਦੇ ਕਾਰਨ ਸੱਚਮੁਚ ਉਹ ਤਾਂ ਦੁਰਗਤ ਨੂੰ ਅਪਨਾਵੇ।
ਅਤੇ ਬਾਰਮਬਾਰ ਜਗਤ ਵਿਚ ਰੱਖੇ ਆਵਾ ਜਾਵਾ॥

ਇਧ ਨੰਦਤਿ ਪੇੱਚਨੰਦਤਿ, ਕਤਪੁੱਵੋ ਉਪਯਤਥ ਨੰਦਤਿ।
ਪੁਵੰ ਮੇ ਕਤੰ ਤਿ ਨੰਦਤਿ, ਭਿੱਯੋ ਨੰਦਤਿ ਸੁੱਗਤਿੰ ਗਤੋ।। 18।।

18. ਹਲਤ ਪਲਤ ਵਿਚ ਧਰਮੀ ਜਨ ਤਾਂ ਦੈਵੀ-ਸੁਖ ਨੂੰ ਪਾਂਦੈ।
"ਮੈਂ ਕੀਤੇ ਨੇ ਪੁੰਨ" ਇਹ ਕਹਿ ਕੇ ਆਪਣਾ ਜੀ ਪਰਚਾਂਦੈ"
ਪੁੰਨ ਦੇ ਕਾਰਣ ਸਚਮੁਚ ਉਹ ਤਾਂ ਸਦਗਤ ਨੂੰ ਅਪਨਾਂਦੈ।
ਅਤੇ ਬਾਰਮਬਾਰ ਜਗਤ ਦਾ ਸੁਖ ਮਯ ਲਾਭ ਉਠਾਂਦੈ॥

ਬਹੁੰ ਪਿ ਚੇ ਸੰਹਿਤੰ ਭਾਸਮਾਨੋ, ਨ ਤੱਕਹੋ ਹੋਤਿ ਨਰੋ ਪੱਮਤੋ।
ਗੋਪੇ ਵ ਗਾਵੇ ਗਣਯੰ ਪਰੇਸੰ। ਨ ਭਾਗਵਾ ਸਾਮੱਵੱਸ ਹੋਤਿ।।19।।

19. ਭਾਵੇ ਇਕ ਜਨ ਪੜ੍ਹੇ ਅਗਿਣਤ ਪੁਸਤਕ ਧਰਮ ਸੰਦੇ।
ਪਰ ਮਾਇਆ ਦੇ ਵਸ ਹੋਕੇ ਜੋ ਕੰਮ ਕਰਦਾ ਹੈ ਗੰਦੇ।
ਦੂਜਿਆਂ ਦੀਆਂ ਗਊਆਂ ਗਿਣਨ ਵਾਲੇ ਪਾਲੀ ਵਾਂਗ।
ਛੁੱਟ ਨਾ ਸਕਣ ਉਸ ਬੰਦੇ ਤੋਂ ਹਰਗਿਜ਼ ਦੁੱਖ ਮਈ ਧੰਦੇ॥
ਅੱਪੰ ਪਿ ਚੇ ਸੰਹਿਤੰ, ਭਾਸਮਾਨੋ, ਧੱਮੱਸ ਹੋਤਿ ਅਨੁਧੱਮਚਾਰੀ।
ਰਾਗੰ ਚ ਦੋਸੰ ਚ ਪਹਾਯ ਮੋਹੰ। ਸੱਮੱਪਜਾਨੋ ਸੁਵਿਮੁੱਤਾਚਿੱਤੋ।
ਅਨੁਪਾਦਿਯਾਨੋ ਇਧ ਵਾ ਹੁਰੰ ਵਾ, ਸ ਭਾਗਵਾ ਸਾਮੱਵੱਸ ਹੋਤਿ ।। 20।।

20. ਥੋੜੇ ਪੁਸਤਕ ਪੜ੍ਹਦੈ ਐਪਰ ਹੈ ਜੋ ਜਨ-ਪਰਵਾਨ
ਰਾਗ-ਦੋਖ ਤੇ ਮੋਹ-ਮਾਇਆ ਤੋਂ ਬਚਿਐ ਜੋ ਬੁਧਿਵਾਨ।
ਚਿੱਤ ਨੂੰ ਚਿੰਤਾ ਰਹਿਤ ਕਰਕੇ ਜਿਸ ਕਟਿਐਹਉਂ ਫੰਦ
ਭਿਖਸ਼ੂ ਬਣਨ ਦਾ ਅਧਿਕਾਰੀ ਹੈ ਉਹ ਪੁਰਖ ਸੁਜਾਨ॥

ਦੂਜਾ ਵੱਗ

ਅੱਪਮਾਦ ਵੱਗੋ (ਅਪਰਮਾਦ ਵਰਗ)

ਅੱਪਮਾਦੋ ਅਮਤਪਦੰ, ਪਮਾਦੋ ਮੁੱਚੁਨੋ ਪਦੀ।
ਅੱਪਮੱਤਾ ਨ ਸੀਯੰਤਿ, ਯੇ ਪਮੱਤਾ ਯਥਾ ਮਤਾ।।2।।

21. ਜਾਗਰਤੀ ਹੈ ਜੀਵਨ ਅੰਦਰ ਸਚਮੁਚ ਜੀਵਨ-ਪਦ,
ਆਲਸ ਜੀਵਨ-ਅੰਦਰ ਲੈਂਦੇ ਮੌਤ ਨੂੰ ਆਪੇ ਸੱਦ।
ਚੇਤਨ ਜਨ ਤਾਂ ਸਚੀਂ ਮੁਚੀਂ ਜੀਵਨ-ਪਦ ਨੂੰ ਪਾਣ।
ਐਪਰ ਆਲਸ ਵਾਲੇ ਹੋਵਣ, ਜੀਵਨ ਅੰਦਰ ਰੱਦ॥

ਏਵੰ ਵਿਸੇਸਤੋ ਵਤਵਾ, ਅੱਪਸਾਦੰ ਹਿ ਪੰਡਿਤਾ।
ਅੱਪਮਾਦੇ ਪਮੋਦੰਤਿ, ਅਰਿਯਾਨੰ ਗੋਚਰੇ ਗਤਾ।।22।।

22. ਬੁਧੀ ਜਨ ਜਾਗਰਤੀ ਤਾਈਂ ਖ਼ਾਸ ਤੌਰ ਤੇ ਲਭਣ,
ਹਰਦਮ ਇਸ ਵਿਚ ਰਚ ਕੇ ਉਹ ਤਾਂ ਜੀਵਨ-ਸੁੱਖ ਨੂੰ ਰਮਣ।
ਸੱਚੇ ਬੰਦੇ ਹਉਂ ਨੂੰ ਦੇਵਣ ਬਿਲਕੁਲ ਮਨੋ�ં ਭੁਲਾ।
ਨਿਰਮਲ ਜਨ ਤਾਂ ਗਿਆਨ ਦੇ ਅੰਦਰ ਆਪਣਾ ਆਪਾ ਰੰਗਣ।

ਤੇ ਝਾਇਨੋ ਸਾਤਤਿਕਾ, ਨਿੱਚੇ ਦਣਹਪਰਕੱਮਾ।
ਫੁਸੰਤਿ ਧੀਰਾ ਨਿੱਬਾਨੰ, ਯੋਗਕਖੇਮੰ ਅਨੁੱਤਰੰ।।23।।

23. ਬੁਧੀਵਾਨ ਤਾਂ ਰਹਿਣ ਹਰਦਮ ਸਹਿਜੇ ਅੰਤਰ-ਧਿਆਨ।
ਉਦਮ ਧੀਰਜ ਨਾਲ ਉਹ ਲਭਣ ਸਹਿਜੇ ਬ੍ਰਹਮ-ਨਿਰਵਾਨ।
ਸੇਵਾ, ਪ੍ਰੇਮ ਦੇ ਰਾਹੀਂ ਕਰਨ ਉਹ ਹਉਂ ਨੂੰ ਕੁਰਬਾਨ
ਤਾਂ ਜੋ ਸਹਿਜੇ ਹੀ ਪਾ ਲੈਸਣ ਜੀਵਨ ਦਾ ਕਲਿਆਨ॥

ਉਟਠਾਨਵਤੋ, ਸਤੀਮ ਤੋ ਸੁਚਿੱਕਮੱਸ ਨਿਸੱਮਕਾਰਿਨੋ
ਸੱਞਤੱਸ ਧੱਮਜੀਵਿਨੋ ਅਪੱਮੱਤੱਸ ਯਸੋਭਿਵਡਢਤਿ।।24।।

ਅਪਰਮਾਦ- - - - ਸਿਆਣਪ

24. ਜੋ ਹੈ ਅਗਰਗਾਮੀ ਤੀਬਰ, ਧਰਮੀ, ਸੁੱਚਚਾਰੀ,
ਸੱਚਾ, ਸੁੱਚਾ, ਚੇਤਨ ਪ੍ਰੇਮੀ ਇੰਦਗੀ-ਜਿੱਤ ਉਪਕਾਰੀ।
ਆਪਣੇ ਅਸਲੇ ਤਾਈਂ, ਹਰਦਮ ਚਿੱਤ ਵਿਚ ਰੱਖਣ ਵਾਲਾ।
ਸਚੀਂ ਮੁਚੀਂ ਉਸ ਦੀ ਹੈਵੇ ਉਜਲ ਜਗ-ਸਰਦਾਰੀ॥
ਉੱਠਾਨੱਨਪਮਾਦੇਨ, ਸੰਯਮੇਨ ਦਮੇਨ ਚ
ਦੀਪੰ ਕਇਰਾਥ ਮੇਧਾਵੀ, ਯੰ ਓਘੋ ਨਾਭਿਕੀਰਤਿ।।25।

25. ਉੱਜਲ ਮਤੀਆ ਪੁਰਖ ਹਮੇਸ਼ਾ ਯੋਗ ਦੇ ਸੰਜਮ ਦੁਆਰਾ।
ਆਪਣੇ ਜੀਵਨ ਦੇ ਵਿਚ ਕਰਦੈ ਗਿਆਨ-ਮਈ ਉਜਿਆਰਾ।
ਅਤੇ ਈਕਣ ਆਪਣੇ ਤਾਈਂ ਕਰਦੈ ਦੀਪ ਉਹ ਪੂਰਾ
ਜਲ ਦਾ ਵੇਗ ਨਾ ਘੇਰੇ ਜਿਸ ਨੂੰ ਹਰਗਿਜ਼ ਆਪ ਮੁਹਾਰਾ॥
ਪਮਾਦੰਅਨੁਯੁੰਜੰਤਿ, ਬਾਲਾ ਦੁੱਮੇਧਿਨੋ ਜਨਾ।
ਅੱਪਮਾਦੰ ਚ ਮੇਧਾਵੀ, ਧਨੰ ਸੇਟਠੰਵ ਰਕਖਤਿ।।26॥

26. ਮੂਰਖ ਬੰਦੇ ਆਲਸ ਤਾਈਂ ਦੇਵਣ ਮਨ ਦਾ ਪਿਆਰ
ਉੱਜਲ ਮੱਤੀਏ ਜਾਗਰਤੀ ਨੂੰ ਸਮਝਣ ਨਿੱਜ-ਆਧਾਰ।
ਉਹ ਤਾਂ ਆਪਣੇ ਮਨ ਦੇ ਅੰਦਰ ਈਕਣ ਰਹਿਣ ਸੁਚੇਤ।
ਜੀਕਣ ਆਪਣੇ ਧਨ ਦੀ ਰੱਖਿਆ ਕਰਦੈ ਸ਼ਾਹੂਕਾਰ॥
ਮਾ ਪਮਾਦੰਅਨੁਯੁੰਜੇਥ, ਮਾ ਕਾਮਰਤਿਸੰਥਵੰ।
ਅੱਪਮੱਤੋ ਹਿਝਾਂਯੰਤੋ, ਪੱਪੋਤਿ ਵਿਪੁਲੰ ਸੁਖੰ।।27॥

27. ਆਲਸ ਤਾਈਂ ਪਿਆਰ ਨਾ ਕਰੇ, ਕਾਮ-ਰੁਚੀ ਨੂੰ ਛੱਡੇ।
ਅੰਤਰ-ਧਿਆਨੀ ਰਹੇ ਹਮੇਸ਼ਾ ਜੀਵਨ-ਸੁਖ ਉਹ ਲੱਭੇ॥
ਲਾਪਰਵਾਹੀ, ਗਫ਼ਲਤ ਨਾਲੋਂ ਜੋ ਹੋ ਜਾਵੇ ਉੱਚਾ।
ਉਹੀ ਸੰਜਮ-ਦੁਆਰਾ ਆਪਣੇ ਅਸਲੇ ਅੰਦਰ ਰਮੇ॥
ਪਮਾਦੰ ਅੱਪਮਾਦੇਨ, ਯਦਾ ਨੁਦਤਿ ਪੰਡਿਤੋ।
ਪੱਞਾਪਾਸਾਦਮਾਰੁਹਯ, ਅਸੋਕੋ ਸੋਕਿਨਿੰ ਪਜੰ।
ਪਬੱਤਟਨੋ ਵ ਭੂਮਟਨੇ ਧੀਰੋ ਬਾਲੇ ਅਵੇਕਖਤਿ।।28।।

28. ਬੁਧੀਵਾਨ ਜੋ ਗਿਆਨ ਦੁਆਰਾ ਆਲਸ ਨੂੰ ਜਿੱਤ ਲੈਂਦੇ।
ਉਹੀ ਸੋਗ ਤੋਂ ਉਪਰ ਹੋਕੇ ਮਤ ਉਪਰ ਚੜ੍ਹ ਬਹਿੰਦੇ।
ਉਹੀ ਪਰਬਤ ਉਪਰ ਬਹਿਕੇ ਧਰ ਤੇ ਨਜ਼ਰਾਂ ਪਾਂਦੇ।
ਉਹੀ ਸੋਚਵਾਨਾਂ ਤਾਈ ਵੱਜ ਗੱਜ ਮੂਰਖ ਕਹਿੰਦੈ।
ਅੱਪਮੱਤੋ ਪੱਤਤੇਸੁ, ਸੁੱਤੇਸੁ ਬਹੁਜਾਗਰੋ।
ਅਲਲੱਸੋ ਵਸੀਘਸੋ, ਹਿਤਵਾ ਯਾਤਿ ਸੁਮੇਧਸੋ।।29॥

29. ਆਲਸੀਆਂ ਵਿਚ ਬੁਧੀਮਾਨ ਤਾਂ ਰਹਿਣੇ ਸਦ ਹੁਸ਼ਿਆਰ।
ਮੋਹ ਮਾਇਆ ਵਿਚ ਸੁਤਿਆਂ ਅੰਦਰ ਉਹ ਰਹਿਵੇ ਬੇਦਾਰ।
ਉਹ ਸਭਨਾਂ ਦੇ ਤਾਈਂ ਦੇਵੇ ਈਕਣ ਪਿੱਛਾ ਛੱਡ,
ਤਿੱਖਾ ਘੋੜਾ ਜੀਕਣ ਦੇਵੇ ਮੱਠੇ ਤਾਈ ਹਾਰ"
ਅੱਪਮਾਦੇਨ ਮਘਵਾ, ਦੇਵਾਨੰ ਸੇਟਠਤੇ ਗਤੋ।
ਅੱਪਮਾਦੰ ਪਸੰਸੰਤਿ, ਪਮਾਦੋ ਗਰਹਿਤੋ ਸਦਾ॥30॥

30. ਸੁਚੇਤਤਾ ਦੁਆਰਾ ਇੰਦਰ ਬਣਿਆ ਦੇਵਤਿਆਂ ਦਾ ਰਾਜਾ।
ਸੁਚੇਤਜਨ ਜਗ ਅੰਦਰ ਵਾਵਣ ਗਿਆਨ ਧਿਆਨ ਦਾ ਵਾਜਾ।
ਸੁਚੇਤਤਾ ਦੇਵੇ ਜਨ ਦੇ ਤਾਈ ਪ੍ਰਸੰਸਾ ਦਾ ਜੱਸ
ਐਪਰ ਆਲਸ ਕਰਦੈ ਉਸ ਨੂੰ ਸਭ ਦੁੱਖਾਂ ਦਾ ਖਾਜਾ॥
ਅੱਪਮਾਦਰਤੋ ਭਿਕਖੁ ਪਮਾਦੇ ਭਯਦੱਸਿ ਵਾ।
ਸੰਯੋਜਨੰ ਅਣੂੰ ਥੂਲੰ, ਡਹੰ ਅੱਗੀਵ ਗੱਛਤਿ।31॥

31. ਸੁਚੇਤ ਭਿਖਸ਼ੂ ਆਲਸ ਕੋਲੋਂ ਹਰਦਮ ਹੈ ਕਤਰਾਂਦਾ।
ਅੱਗ ਵਾਗੂੰ ਉਹ ਸਾਰੇ ਆਪਣੇ ਬੰਧਨ ਰਹੇ ਜਲਾਂਦਾ।
ਜੀਵਨ ਮਾਰਗ ਅੰਦਰ ਹਰਦਮ ਅਗਾਂਹ ਉਹ ਨਿੱਤ-ਵਧੇ।
ਹਲਤ ਪਲਤ ਦੇ ਅਟਲ ਜੱਸ ਨੂੰ ਓੜਕ ਹੈ ਉਹ ਪਾਂਦਾ॥
ਅੱਪਮਾਦਰਤੋ ਭਿਕਖੁ, ਧਮਾਦੇ ਭਯਦੱਸਿ ਵਾ।
ਅਭੱਬੋ ਪਰਿਹਾਨਾਯ, ਨਿੱਬਾਨਸੋਵ ਸੰਤਿਕੇ।32।

32. ਆਲਸ ਤੋਂ ਸੁਤੰਤਰ ਜਨ ਤਾਂ ਸੱਚ ਤੋਂ ਕਦੇ ਨਾ ਹੱਟੇ।
ਪਾਪ ਦੇ ਉਲਟ ਸੀਨਾ ਕੱਢ ਕੇ ਉਹ ਤਾਂ ਰਣ ਵਿਚ ਡੱਟੇ।
ਸੱਚੇ ਹੋਸ਼ ਦੁਆਰਾ ਉਹ ਤਾਂ ਜੀਵਨ-ਮੁਕਤੀ ਪਾਵੇ।
ਆਪਣੀ ਜੀਵਨ-ਆਯੂ ਉਹ ਨਿੱਤ ਖੁਸ਼ ਖੁਸ਼ ਹੋਕੇ ਕੱਟੇ॥

ਤੀਜਾ ਵੱਗ

ਚਿੱਤਵੱਗੋ (ਚਿੱਤ ਵਰਗ)

ਫੰਦਨੰ ਚਪਲੰ ਚਿੱਤੰ, ਦੁਰਕਬੰ ਦੁੱਨਿਵਾਰਯੰ।
ਉਜੁੰ ਕਰੋਤਿ ਮੇਧਾਵੀ, ਉਸੁਕਾਰੋ ਵ ਤੇਜਨੰ।। 33।।

33. ਤੀਰ ਬਨਾਵਣ ਵਾਲਾ ਜੀਕਣ ਤੀਰ ਨੂੰ ਸਿੱਧਾ ਰੱਖਦੈ।
ਬੁਧੀਵਾਨ ਚਿੱਤ ਆਪਣੇ ਤਾਈਂ ਈਕਣ ਵੱਸ ਵਿਚ ਕਰਦੈ।
ਬੁਧੀਵਾਨ ਚਿੱਤ ਆਪਣੇ ਤਾਈਂ ਰੱਖਦੈ ਸਿਮਰਨ ਵਿਚ ਨਿੱਤ।
ਅਤੇ ਈਕਣ ਉਸ ਨੂੰ ਚੰਚਲ ਸ਼ੋਖ ਨ ਹੋਵਣ ਦਿੰਦੈ॥

ਵਾਰਿਜੋ ਵ ਥਲੇ ਖਿੱਤੋ, ਉਕਮ-ਉਕਤ ਉਬਭਤੋ।
ਪਰਿਫੰਦਤਿਦੰ ਚਿੱਤੰ, ਮਾਰਧੋਂਯੰ ਪਹਾਤਵੇ।।34।।

34. ਜਲ ਤੋਂ ਵਾਂਝੀ ਮਛਲੀ ਜੀਕਣ ਜਲ ਦੀ ਖ਼ਾਤਰ ਤੜਪੇ।
ਵਿਸ਼ੇ-ਭੋਗ ਨੂੰ ਭੋਗਣ ਖਾਤਿਰ ਮਨ ਵੀ ਈਕਣ ਤੜਪੇ।
ਸਦਾਚਾਰ ਨੂੰ ਸਚਮੁਚ ਜਿਹੜਾ ਮਨ ਵਿਚ ਧਾਰਨ ਕਰਦਾ।
ਵਿਸ਼ੇ ਭੋਗ ਦੀ ਮਾਰ ਤੋਂ ਕੇਵਲ ਉਹ ਜਨ ਹੈ ਬਚਦਾ॥

ਦੁਨਿੱਗਹੱਸ ਲਹੁਨੋ, ਯਤਥਕਾਮਨਿ ਪਾਤਿਨੰ।
ਚਿੱਤਸ ਦਮਥੋ ਸਾਧੁ ਚਿੱਤੰ ਦੰਤੰ ਸੁਖਾਵਹੰ॥35॥

35. ਚਿੱਤ ਤੇ ਕਾਬੂ ਕਰਨਾ ਹੋਵੇ ਸਚਮੁਚ ਉੱਤਮ ਕੰਮ।
ਦੁੱਖ ਦਿੰਦੇ ਜੋ ਚਿੱਤ ਹੈ ਚੰਚਲ, ਪਤੱਤ ਬੇ-ਸੰਜਮ॥
ਜਿੱਤਿਆਂ ਮਨ ਹੀ ਨਿਰਵਾਣ ਸਿਉਂ ਯਾਰੀ ਲੈਂਦੈ ਪਾ।
ਜਿੱਤਿਆ ਮਨ ਹੀ ਸੁਖ ਉਪਜਾਊ ਹੁੰਦਾ ਹੈ ਹਰਦਮ॥

ਸੁਦੁੱਦਸੰ ਸੁਨਿਪੁਣੰ ਯਤਥਕਾਮਨਿ ਪਾਤਿਨੰ।
ਚਿੱਤੰ ਰਕਖੇਥ ਮੋਧਾਵੀ ਚਿੱਤੰ ਗੁੱਤੰ ਸੁਖਾਵਹੰ॥ 36॥

36. ਮਨ ਅਸਿਖ ਤੇ ਚੰਚਲ ਦੀ ਨਿੱਤ ਕਰਨ ਦਾਨੇ ਰੱਖਿਆ।
ਕਿਉਂ ਜੋ ਮਨ ਸੁਰਖਿਅਤ ਹੁੰਦਾ ਹਰਦਮ ਹੈ ਸੁਖਦਾਤਾ।

ਮਨ ਦੇ ਉਪਰ ਹਰਿਜਪ ਰਾਹੀਂ ਜੋ ਨਰ ਕਾਬੂ ਪਾਣ।
ਉਹੀ ਆਪਣੇ ਜੀਵਨ ਤਾਈਂ ਲੈਸਣ ਸੁਰਗ ਬਣਾ॥

ਦੂਰੱਗਮੰ ਏਕਚਰੰ, ਅਸਰੀਰੰ ਗੁਹਾਸਯੰ।
ਯੇ ਚਿਤੰ ਮੰਯਮਿੱਸੰਤਿ, ਮੋਕਖੰਤਿ ਮਾਰਬੰਧਨਾ॥37॥

37. ਚਿੱਤ ਭਗੌੜੇ ਗੁਝੇ, ਸੁਖਮ, ਤਾਈ ਜਿਹੜੇ ਜਿੱਤਣ।
'ਮਾਰ' ਦੇ ਬੰਧਨ ਕੋਲੋਂ ਕੇਵਲ ਉਹੀ ਜਗ ਵਿੱਚ ਛੁੱਟਣ।
ਚਿੱਤ-ਸੰਜਮ ਦੇ ਬਾਝੋਂ ਜਗ ਵਿਚ ਖੁਸ਼ੀ ਨਾ ਹਰਗਿਜ ਮਿਲੇ।
ਕੇਵਲ ਚਿੱਤ ਦੇ ਸੰਜਮ ਵਾਲੇ ਪਰਮੇਸ਼ਰ ਵਿਚ ਰੱਮਣ॥

ਅਨਵਟਨਿਤਚਿੱਤੱਸ, ਸਦ-ਧੱਮੰ ਅਵਿਜਾਨਤੋ।
ਪਰਿਪਲਵਪਸਾਦੱਸ, ਪੱਵਾ ਨ ਪਰਿਪੂਰਤਿ॥38॥

38. ਜਿਸ ਦਾ ਚਿੱਤ ਹੈ ਬੇ-ਕਾਬੂ ਉਹ ਸਤ-ਧਰਮ ਨਾ ਜਾਣੇ।
ਮਨ ਦਾ ਸੁਖ ਜੋ ਖੋ ਬੈਠਾ ਹੈ ਤੱਤ-ਸੂਝ ਨਾ ਮਾਣੇ।
ਮਨ ਦੇ ਕਾਬੂ ਨਾਲੇ ਬਣਦੇ ਜਗ ਜੇਤੂ ਆਚਾਰ।
ਮਨ ਨੂੰ ਕਾਬੂ ਕਰਨ ਜਿਹੜੇ ਬਣਨ ਖਰੇ ਸਿਆਣੇ॥

ਅਨਵੱਸੁਤਚਿੱਤੱਸ, ਅਨਨਵਾਹਤਚੇਤਸੋ।
ਪੁੱਞਪਾਪਧਹੀਨੱਸ,ਨਤਥਿ ਜਾਗਰਤੋ ਤਯੰ॥39॥

39. ਮਨ ਅਨਾਹਤ ਜਿਸਦਾ ਹੈਵੇ ਜਿਸ ਦਾ ਚਿੱਤ ਹੈ ਪਾਕ।
ਪਾਪ ਪੁੰਨ ਤੋਂ ਜੋ ਹੈ ਉੱਚਾ ਰਹਿੰਦੈ ਸਦ ਹੁਸ਼ਨਾਕ।
ਜਿਹੜਾ ਰਹਿੰਦੈ ਦਿਲੋਂ ਮਨੋਂ ਜਪ ਯਗ ਅੰਦਰ ਜੁਟਿਆ।
ਕੇਵਲ ਉਹੀ ਰਹਿ ਸਕਦਾ ਹੈ ਜਗ ਅੰਦਰ ਬੇਬਾਕ॥

ਕੁੰਭੂਪਸੰ ਕਾਯੁਮਿਮੰ ਵਿਦਿਤਵਾ ਨਗਰੂਪਮੰ ਚਿੱਤਮਿਦੰ ਫਪੇਤਵਾ
ਯੋਧੇਥ ਮਾਰੰ ਪੱਵਾਵੁਧੇਨ ਜਿਤੰ ਚ ਰਕਖੇ ਅਨਿਵੇਸਨੋ ਸਿਯਾ॥40॥

40. ਘੜੇ ਵਾਕਰ ਆਪਣੀ ਦੇਹ ਨੂੰ ਛਿੰਨ-ਭੰਗਰ ਲੈ ਮੰਨ।
ਦੁਰਗ ਵਾਂਗੂ ਆਪਣੇ ਚਿੱਤ ਨੂੰ ਕਰ ਸਿਥੱਰ ਐ ਜਨ॥
ਫਿਰ ਤੂੰ ਗਿਆਨ ਦੀ ਖੜਗ ਲੈ ਕੇ 'ਮਾਰ' ਨਾਲ ਲੜ ਰਣ।
ਤੇ ਉਸ ਉਪਰ ਵਿਜੈ ਪਾਕੇ ਹੋ ਜਾ ਧੰਨ ਸੁ ਧੰਨ॥

ਅਚਿਰੰ ਵਤਯੰ ਕਾਯੋਂ, ਪਠਵਿੰ ਅਧਿਸੇਸੱਤਿ।
ਛੁਦਧੋ ਅਪੇਤਵਿੱਞਾਣੋ, ਨਿਰਤਬੰ ਵ ਕਲਿੰਗਰੰ॥ 41॥

41. ਦੇਹ ਅਚੇਤ ਹੋਕੇ ਇਹ ਓੜਕ ਧਰ ਤੇ ਈਕਣ ਸੋਵੇ।
ਜਿਉਂ ਲਕੜੀ ਦਾ ਟੁੱਟਾ ਕਿਣਕਾ ਧਰ ਤੇ ਬੇਹਿਸ ਹੋਵੇ।
ਦੇਹ ਨੂੰ ਜਿਹੜਾ ਆਪਾ ਸਮਝੇ, ਆਪਣਾ ਆਪ ਵਿਗੋਵੇ।
ਜੀਵ ਨੂੰ ਜਿਹੜਾ ਆਪਾ ਮੰਨੇ ਅਸਲੇ ਵਿਚ ਸਮੋਵੇ॥
ਦਿਸੋ ਦਿਸੰ ਯੰ ਤੰ, ਕਇਰਾ, ਵੇਰੀ ਪਾ ਪਨ ਵੇਰਿਨੰ।
ਮਿਚਸਛਾਪਾਣਿਹਿਤੰ ਚਿਤੰ, ਪਾਪਿਯੋ ਨੰ ਤਤੰ ਕਰੇ॥42॥

42. ਦੁਸ਼ਮਣ ਅਤੇ ਵੈਰੀ ਦੇਵਣ ਬੰਦੇ ਨੂੰ ਦੁਖ ਜਿਹੜਾ।
ਕਈ ਗੁਣਾ ਉਸ ਤੋਂ ਵਧ ਕੇ ਮੈਲਾ ਚਿੱਤ ਹੈ ਦਿੰਦਾ।
ਮਿੱਤਰ ਅਤੇ ਭਾਈ ਦੇਵਣ ਬੰਦੇ ਨੂੰ ਸੁਖ ਜਿਹੜਾ।
ਕਈ ਗੁਣਾ ਉਸ ਤੋਂ ਵਧ ਕੇ ਨਿਰਮਲ ਮਨ ਹੈ ਦਿੰਦਾ॥
ਨ ਤੰ ਮਾਤਾ ਪਿਤਾ ਕਇਰਾ, ਅੱਵੇ ਵਾਪਿ ਚ ਵਾਤਕਾ।
ਸੱਮਾਪਣਿਹਿਤੰ ਚਿੱਤੰ, ਸੈਯੱਸੋ ਨੰ ਤਤ ਕਰੇ॥43॥

43. ਮਾਤ, ਪਿਤਾ, ਬੰਧੂ ਜਨ ਜਿਹੜਾ ਕਰ ਸਕਣ ਕਲਿਆਨ।
ਸਤ ਮਾਰਗ ਤੇ ਚਲਣ ਵਾਲਾ ਚਿੱਤ ਕਰਦੈ ਉਹ ਦਾਨ।
ਸਤ ਮਾਰਗ ਦਾ ਪਾਂਧੀ ਬਣਦੈ ਜਿਹੜਾ ਸਹਿਜੇ ਮਨ।
ਉਹੀ ਕਰਦੈ ਜਗ ਦੇ ਅੰਦਰ ਅੰਮ੍ਰਿਤ ਰਸ ਦਾ ਪਾਨ॥

ਚੌਥਾ ਵੱਗ

ਪੁਫਵੱਗੋ (ਪੁਸ਼ਪ ਵਰਗ)

ਕੇ ਇਮੰ ਪਠਵਿ ਵਿਜੇਸੋੱਤਿ, ਯਮਲੋਕੰ ਚ ਇਮੰ ਸਦੇਵਕੰ।
ਕੋ ਪੱਮਪਦੰ ਸੁਦੇਸਿਤੰ। ਕੁਸਲੋ ਪੁੱਫਮਿਵ ਪਚੇਸੋੱਤਿ ॥44॥

44. ਕਿਹੜਾ ਬੰਦਾ ਇਸ ਦੁਨੀਆ ਵਿਚ ਯਮਲੋਕ ਨੂੰ ਜਿੱਤੇ।
ਕਿਹੜਾ ਬੰਦਾ ਇਸ ਦੁਨੀਆ ਵਿਚ ਦੇਵਲੋਕ ਨੂੰ ਜਿੱਤੇ।
ਬੁੱਧ ਦਾ ਸੱਚਾ ਸ਼ਿਸ ਬਣਕੇ ਜੋ ਧਰਮ ਪਦਾਂ ਨੂੰ ਚੁਣੇ।
ਵਾਂਗ ਸੁਜਾਨ ਮਾਲੀ ਫੁਲਾਂ ਨੂੰ ਖੇੜੇ ਅੰਦਰ ਲਾਵੇ॥

ਸੋਖੋ ਪਰਿਵੰ ਵਿਜੇਸੋੱਤਿ, ਯਮਲੋਕੰ ਚ ਇਮੰ ਸਦੇਵਕੰ।
ਸੋਖੋ ਧੱਮਪਦੰ ਸੁਦੇਸਿੰਤ, ਕੁਸਲੋ ਪੁੱਫਮਿਵ ਪਚੇਸੋੱਤਿ ॥45॥

45. ਕੇਵਲ ਸਚਾ ਬੁੱਧ ਦਾ ਸਿਖ ਹੀ ਧਰ ਤੇ ਫ਼ਤਹ ਪਾਵੇ।
ਅਤੇ ਦੇਵਾਂ ਨਾਲ ਮਿਲਕੇ ਯਮ ਨੂੰ ਹੇਠ ਗਿਰਾਵੇ।
ਬੁੱਧ ਧਰਮ ਦਾ ਸੇਵਕ ਸੱਚਾ ਸਤਿ ਮਾਰਗ ਨੂੰ ਜਾਣੇ।
ਅਤੇ ਧਰ ਨੂੰ ਫੁੱਲ ਦੇ ਵਾਂਗਰ ਖੇੜੇ ਅੰਦਰ ਲਾਵੇ॥

ਫੇਨੂਪਮੰ ਕਾਯਮਿੰਮੰ ਵਿਦਿਤਵਾ, ਮਰੀਚਿਧੱਮੰ ਅਭਿਸੰਬੁਧਾਨੋ।
ਛੇਤਵਾਨ ਮਾਰੱਸਸੰ ਪਪੁੱਫ ਕਾਨਿ, ਅਦੱਸਨੰ ਮੱਚੁਰਾਜੱਸ ਗਚਛੇ ॥46॥

46. ਬੁੱਧ ਸ਼ਿਸ਼ ਜਾਣੇ ਜਗ ਹੈ ਕੇਵਲ ਪਾਣੀ ਦੀ ਝੱਗ ਵਾਂਗ।
ਉਹ ਜਾਣੇ ਜਗ ਅਸਥਿਰ ਹੈ ਜਿਉਂ ਮਾਰੂ-ਥਲ ਦੀ ਕਾਂਗ॥
'ਮਾਰ' ਦੇ ਸ਼ਰਧਾਵਾਨਾਂ ਨੂੰ ਉਹ ਗਿਆਨ ਖੜਗ ਸਿਉਂ ਕੱਟੇ।
ਅਤੇ ਈਕਣ ਜਮ ਤੇ ਮਾਰੇ ਜਿੱਤਾਂ-ਭਰੀ ਛਲਾਂਗ॥

ਪੁਪਫਾਨਿ ਹੇਵ ਪਚਿਨੰਤੰ, ਬਿਆਮੱਤਮਨਸੰ ਨਰੰ।
ਸੁੱਤੰ ਗਾਮੰ ਮਹੋਬੋ ਵ, ਮੱਚੁ ਆਦਾਯ ਗਚਛਤਿ ॥47॥

47. ਵਿਸ਼ਿਆਂ ਨੂੰ ਜੋ ਫੁੱਲ ਸਮਝ ਕੇ ਨੇਹ ਉਨ੍ਹਾਂ ਸਿਉਂ ਲਾਵੇ,
ਅਤੇ ਆਪਣੇ ਮਨ ਨੂੰ ਮਾਇਕ ਮਦਾਂ ਵਿਚ ਫਸਾਵੇ।

ਮੌਤ ਉਸ ਨੂੰ ਈਕਣ ਆਪਣਾ ਸਹਿਜੇ ਖਾਜ ਬਣਾਵੇ।
ਸੁੱਤੇ ਪਿੰਡ ਨੂੰ ਜੀਕਣ ਜਲ ਦਾ ਵੇਗ ਵਹਾ ਲੈ ਜਾਵੇ॥

ਪੁਫੋੱਨਿ ਹਵ ਪਚਿਨੰਤੰ, ਬਿਆਸੱਤਮਨਸੰ ਨਰੰ।
ਅਤਿੱਤੰਵੇਵ ਕਾਮੇਸੁ ਅੰਤਕੋ ਕੁਰੁਤੇ ਵਸੰ ॥48॥

48. ਜਿਹੜਾ ਵਿਸ਼ੇ ਵਿਕਾਰਾਂ ਤਾਈਂ ਫੁੱਲਾਂ ਵਾਕਰ ਸੰਚੇ।
ਜਿਹੜਾ ਮਨ ਨੂੰ ਮੋਹ ਮਾਇਆ ਦੇ ਚਸਕਾਂ ਅੰਦਰ ਲਿਪੇ।
ਜਿਹੜਾ ਮਨ ਨੂੰ ਕਾਮ ਲਾਲਸਾ ਅੰਦਰ ਲਾਈ ਰੱਖੇ,
ਉਹ ਬੰਦਾ ਤਾਂ ਯਮਰਾਜ ਦੇ ਹਰਦਮ ਅੱਡੇ ਚੜ੍ਹੇ॥

ਯਥਾ ਪਿ ਭਮਰੋ ਪੁੱਫੰ, ਵੱਣਗੰਧਮਹੇਠਯੰ,
ਪਲੇਤਿ ਰਸਮਾਦਾਯ, ਏਵੰ ਗਾਮੇ ਮੁਨੀ ਚਰੇ॥49॥

49. ਜੀਕਣ ਭੌਰਾ ਫੁੱਲਾਂ ਤਾਈਂ ਹਰਗਿਜ਼ ਨਾ ਦੁਖਿਆਵੇ,
ਖੁਸ਼ਬੂ ਲੈ ਕੇ ਉਨ੍ਹਾਂ ਦੀ ਨਿੱਜ-ਰਾਹ ਤੇ ਚਲਿਆ ਜਾਵੇ।
ਈਕਣ ਮੁਨੀ ਸ਼ਹਿਰ ਨੂੰ ਆਪਣੇ ਹਰਦਮ ਹੀ ਸੁਖਿਆਵੇ।
ਅਤੇ ਸਭ ਦਾ ਹਿਤੂ ਬਣ ਕੇ ਕਰਤਵ ਤਾਈਂ ਨਿਭਾਵੇ॥

ਨ ਪਰੇਸੰ ਵਿਲੋਮਾਇਲ, ਨ ਪਰੇਸੰ ਕਤਾਕਤੰ।
ਅੱਤਨੋ ਵ ਅਵੇਕਖੇਯੱ, ਕਤਾਨਿ ਅਕਤਾਨਿ ਚ॥50॥

50. ਦੂਜਿਆਂ ਦੇ ਜ਼ਿਮੇ ਨਾ ਬੰਦਾ ਨਿੱਜ ਦੋਸ਼ਾਂ ਨੂੰ ਲਾਵੇ।
ਉਹ ਤਾਂ ਕੇਵਲ ਆਪਣੇ ਦੋਸ਼ਾਂ ਉਪਰ ਨਜ਼ਰ ਭੁਆਵੇ।
ਦੋਸ਼ ਨਾ ਦੀਜੇ ਕਿਸੇ ਤਾਈ ਦੋਸ਼ ਹੈ ਨਿੱਜ ਕਰਮਾਂ ਦਾ
ਜੈਸਾ ਕੋਈ ਬੀਜੇ ਵੈਸਾ ਆਪੇ ਹੀ ਫ਼ਲ ਖਾਵੇ"

ਜਥਾ ਪਿ ਰੁਚਿਰੰ ਪੋੱਫੰ, ਵੱਣਵੰਤੰ ਅਗੰਧਕੰ
ਏਵੰ ਸੁਭਾਸਿਤਾ ਵਾਚਾ, ਅਫਲਾ ਹੋਤਿ ਅਕੁੱਬਤੇ॥51॥

51. ਜੀਕਣ ਸੁਹਣਾ ਪਰ ਬੇਰਸਾ ਫੁਲ ਹੁੰਦੈ ਬੇਕਾਰ,
ਈਕਣ ਉਸ ਦੇ ਬੋਲ ਨਾ ਭਾਵਣ ਜੋ ਹੈ ਨਿਰ ਆਚਾਰ।
ਫੁੱਲ ਉਹ ਮਿੱਠਾ ਲਗੇ ਜਿਹੜਾ ਖੁਸ਼ਬੂ ਨਾਲ ਹੈ ਭਰਿਆ।
ਬੰਦਾ ਉਹ ਹੈ ਚੰਗਾ ਜਿਸ ਦਾ ਚੰਗਾ ਹੈ ਵਿਵਹਾਰ॥

ਯਥਾ ਪਿ ਰੁਚਿਰੰ ਪੁੱਫੰ, ਵੱਣਵੰਤੇ ਸਗਧੰਕੰ।
ਏਵੰ ਸੁਭਾਸਿਤਾ ਵਾਚਾ, ਸਫਲਾ ਹੋਤਿ ਕੁੱਬਤੋ॥ 52॥

52. ਜੀਕਣ ਸੁਹਣਾ ਤੇ ਰਸ ਭਰਿਆ ਫੁਲ ਹੁੰਦੈ ਗੁਣਕਾਰੀ।
ਈਕਣ ਬਾਣੀ ਭਾਵੇ ਉਸ ਦੀ ਜੋ ਹੈ ਸਦਾਚਾਰੀ।

ਕੇਵਲ ਸੁਚਾਚਾਰੀ ਜਗ ਵਿਚ ਜੀਵਨ-ਜਿੱਤ ਨੂੰ ਪਾਣ,
ਵਿਭਜਾਰੀ ਤਾਂ ਜਗ ਦੇ ਅੰਦਰ ਪਾਵਣ ਨਿਰੀ ਖ਼ੁਆਰੀ॥
ਯਥਾ ਪਿ ਪੁੱਫਰਾਸਿੰਹਾ, ਕਇਰਾ ਮਾਲਾਗੁਣੇ ਬਹੂ।
ਏਵੰ ਜਾਤੇਨ ਮੱਚੇਨ, ਕੱਤੱਬੰ ਕੁਸਲੰ ਬਹੁੰ ॥53॥

53, ਫੁੱਲਾਂ ਦੇ ਢੇਰਾਂ ਤੋਂ ਜੀਕਣ ਵੰਨੋ ਵੰਨ ਦੇ ਹਾਰ,
ਗੁੰਦੇ ਜਾਵਣ ਬੰਦਿਆਂ ਹਥੋਂ ਥਾਂ ਥਾਂ ਦੇ ਵਿਚਕਾਰ॥
ਈਕਣ ਜਗ ਵਿਚ ਜਨਮ ਲੈ ਕੇ ਬੰਦਾ ਇਹ ਕੰਮ ਕਰੇ।
ਸ਼ੁਭ ਕਰਮਾਂ ਦੇ ਫ਼ੁਲ ਪਰੋਵੇ ਮਾਲਾਂਵਾਂ ਵਿਚਕਾਰ।
ਨ ਪੁੱਫਗੰਧੋ ਪਟਿਵਾਤਮੇਤਿ, ਨ ਚੰਦਨੰ ਤਗਰਮੱਲਿਕਾ ਵਾ।
ਸੰਤੰ ਚ ਗੰਧੋ ਪਟਿਵਾਤਮੇਤਿ, ਸਬਾ ਦਿਸਾ ਸੱਪੁਰਿਸੋ ਪਵਾਯਤਿ॥54॥

54. ਫੁੱਲ ਦੀ ਖੁਸ਼ਬੂ ਵਾਯੂ ਦੇ ਤਾਂ ਕਦੇ ਖਿਲਾਫ਼ ਨਾ ਜਾਏ।
ਚੰਦਨ, ਤਗਰ, ਮਲਿਕਾ ਦੀ ਖ਼ੁਸ਼ਬੂ ਵਾ ਨੂੰ ਨਾ ਦੁਖਿਆਵੇ।
ਸੁਗੰਧੀ ਸਤਿਪੁਰਖ ਦੀ ਐਪਰ ਵਾ ਖ਼ਿਲਾਫ਼ ਹੋ ਜਾਏ.
ਬੇ-ਖਟਕੇ ਉਹ ਸਭ ਪਾਸਿਆਂ ਵਿਚ ਆਪਣਾ ਆਪ ਖਿੰਡਾਵੇ।
ਚੰਦਨੰ ਤਗਰੰ ਵਾਪਿ, ਉੱਪਲੇ ਅਥ ਵੱਸਿਕੀ।
ਏਤੇਸੰ ਗੰਧਜਾਤਾਨੰ ਸੀਲਗੰਧੋ ਅਨੁੱਤਰੋ॥55॥

55. ਚੰਦਨ, ਤਗਰ ਕੰਵਲ ਜੇਹੀ ਜੋ ਰੱਖਣ ਖ਼ੁਸ਼ਬੂ।
ਉਹ ਕਰ ਦੇਵਣ ਸਦਾਚਾਰ ਨੂੰ ਸੁਹਣਾ ਤੇ ਖ਼ੁਸ਼ਰੂ॥
ਜਿਹੜੇ ਰੱਖਣ ਆਪੇ ਅੰਦਰ ਨਾਮ-ਭਰੀ ਸੁਗੰਧ।
ਉਨ੍ਹਾਂ ਤਾਈਂ ਸਾੜ ਨਾ ਸਕੇ ਵਿਸ਼ਿਆਂ ਵਾਲੀ ਲੂ॥
ਅੱਪੱਮੱਤੋ ਅਯੰ ਗੰਧੋ, ਯਵਾਯੰ ਤਗਰਚੰਦਨੰ।
ਯੰ ਚ ਸੀਲਵਤੰ ਗੰਧੋ, ਵਾਤਿ ਦੇਵੇਸੁ ਉੱਤਮੋ॥56॥

56. ਤਗਰ ਜਾਂ ਚੰਦਨ ਦੀ ਖੁਸ਼ਬੂ ਤੁਛ ਮਾਤਰ ਹੀ ਹੋਵੇ,
ਐਪਰ ਸਦਾਚਾਰੀ ਅੰਦਰ ਜੋ ਖ਼ੁਸ਼ਬੂ ਸਮੋਵੇ।
ਸਾਰੇ ਵਾਤਾਵਰਨ ਨੂੰ ਕਰਕੇ ਉਹੀ ਸੁਗੰਧੀ ਭਰਿਆ।
ਓੜਕ ਦੇਵ ਲੋਕ ਦੇ ਅੰਦਰ ਸਹਿਜੇ ਜਾ ਖਲੋਵੇ॥
ਤੇਸੰ ਸੰਪੱਨਸੀਲਾਨੰ, ਅੱਪਮਾਦਵਿਹਾਰਿੱਨੰ
ਸੱਮਦੱਵਾ ਵਿਮੁੱਤਾਨੰ, ਮਾਰੋ ਮੱਗੰ ਨ ਵਿੰਦਤਿ॥57॥

57. ਸਦਾਚਾਰੀ, ਗਿਆਨੀ ਅਤੇ ਯੋਗੀ ਪੁਰਸ਼ਾਂ ਤਾਈਂ।
ਸਤ ਮਾਰਗ ਤੇ ਚਲਦੇ ਹੋਇਆ 'ਮਾਰ' ਤਾਂ ਰੋਕੇ ਨਾਹੀਂ।

ਸਦਾਚਾਰੀ, ਗਿਆਨੀ ਯੋਗੀ ਜਗ ਜੇਤੂ ਕਹਿਲਾਣ,
ਸਾਰੇ ਲੋਕ ਹੀ ਮੁਕਤੀ ਪਾਵਣ ਜਗ ਵਿਚ ਉਨ੍ਹਾਂ ਰਾਹੀਂ॥
ਯਥਾ ਸੰਕਾਰਧਾਨਸਮਿੰ ਉਜਟਿਤਸਮਿੰ ਮਹਾਪੱਥੇ।
ਪਦੁਮੰ ਤਤਥ ਜਾਯੇਥ, ਸੁਚਿਗੰਧੰ ਮਨੋਰਮੰ॥58॥
ਏਵੰ ਸ਼ੰਕਾਰਭੂਤੇਸੁ, ਅੱਧਭੂਤੇ ਪੁਬੱਜਨੇ।
ਅਤਿਰੋਚਤਿ ਪੱਵਾਯ, ਸੱਮਾਸੰਬੁੱਧਸਾਵਕੋ॥59॥

58-59, ਜੀਕਣ ਸ਼ਾਹੀ ਸੜਕ ਦੇ ਉਪਰ ਜਿਥੇ ਹੁੰਦੈ ਕੂੜਾ,
ਨਿਰਮਲ, ਰਸੀਆ ਅਤੇ ਸੁਹਣਾ ਕੰਵਲ ਹੈ ਉਤਪੰਨ ਹੁੰਦਾ।
ਈਕਣ ਦੁਨੀਆ ਵਾਲੇ ਅੰਨ੍ਹੇ ਮੂਰਖ ਲੋਕਾਂ ਅੰਦਰ,
ਬੁਧ ਸ਼ਿਸ਼ ਆਪਣੇ ਗਿਆਨ ਦੁਆਰਾ ਕਰਦੈ ਨਿੱਜ-ਪਰਗਟਾ॥

ਪੰਜਵਾਂ ਵੱਗ

ਬਾਲਵੱਗੋ (ਬਾਲ ਵਰਗ)

ਦੀਘਾ ਜਾਗਰਤੋ ਰੱਤਿ, ਦੀਘ ਸੋਤੱਸ ਯੋਜਨੰ।
ਦੀਘੋ ਬਾਲਾਨ ਸੰਸਾਰੋ, ਸਦ ਧੱਮੰ ਅਵਿਜਾਨਤੰ॥60॥

60. ਰਾਤ ਦਾ ਸਮਾਂ ਜਾਗਣ ਵਾਲੇ ਖਾਤਰ ਹੁੰਦੈ ਲੰਮਾ।
ਥੱਕੇ ਟੁੱਟੇ ਖ਼ਾਤਰ ਰਾਹ ਦਾ ਪੰਧ ਹੋ ਜਾਦੈ ਵੱਡਾ।
ਈਕਣ ਉਸੇ ਮੂਰਖ ਖਾਤਰ ਜਗ ਫੰਦਾ ਹੈ ਚੌੜਾ।
ਜਿਸ ਨੇ ਸਤਿ ਧਰਮ ਤੋਂ ਉੱਕਾ ਆਪਣਾ ਹੈ ਮੂੰਹ ਮੋੜਾ॥

ਚਰਚੇ ਨਾਧਿੱਗਛੱਯਸੋਂ ਯੰ ਸਦਿਸੰਅੱਤਨੋ
ਏਕਚਰਿਯੰ ਦਣਹੰ ਕਇਰਾ, ਨਤਥਿ ਬਾਲੇ ਸਹਾਯਤਾ॥61॥

61. ਮਾਰਗ ਉੱਪਰ ਚਲਦੇ ਜੇਕਰ ਚੰਗਾ ਸੰਗ ਨਾ ਮਿਲੇ
ਤਾਂ ਬੰਦੇ ਦਾ ਫ਼ਰਜ ਹੈ ਉਥੇ ਆਪ ਇਕੱਲਾ ਚਲੇ।
ਭਾਵੇਂ ਕਿਤਨਾ ਦੁਖੀ ਹੋਵੇ ਸਫ਼ਰ ਅੰਦਰ ਇੱਕਲੇ।
ਮੂਰਖ ਪਾਂਧੀ ਨਾਲ ਬੰਦਾ ਹਰਗਿਜ਼ ਮੂਲ ਨਾ ਰਲੇ॥

ਪੁੱਤਾ ਮਤਥਿ ਧਨੰ ਅਤਥਿ ਇਤੀ ਬਾਲੋ ਵਿਹੱਞਤਿ।
ਅੱਤਾ ਹਿ ਅੱਤਨੋ, ਨਤਥਿ ਕੁਤੋ ਪੁੱਤਾ ਕੁਤੋ ਧਨੰ॥62॥

62. ਇਹ ਧਨ ਮੇਰਾ ਹੈਵੇ ਅਤੇ ਇਹ ਪੁੱਤਰ ਹੈ ਮੇਰਾ।
ਈਕਣ ਸੋਚ ਕੇ ਮੂਰਖ ਬੰਦਾ, ਪਾਵੇ ਕਸ਼ਟ ਘਨੇਰਾ।
ਛਿੰਨ ਭੰਗਰ ਇਹ ਦੇਹ ਆਪਣੀ ਆਪਣੀ ਬਣ ਨਾ ਸਕੇ,
ਧਨ ਪੁਤਰ ਦੀ ਯਾਰੀ ਤੇ ਉਹ ਕੀਕਣ ਕਰੇ ਬਸੇਰਾ॥

ਯੇ ਸੇ ਬਾਲੋ ਮੱਞਤਿ ਬਾਲਯੇ, ਪੰਡਿਤੋ ਵਾ ਪਿ ਤੇਨ ਸੇ।
ਬਾਲੋ ਚ ਪੰਡਿਤਮਾਨੀ, ਸ ਵੇ ਬਾਲੋ ਤਿ ਵੁੱਚਤਿ॥63॥

63. ਮੂਰਖ ਆਪਣੀ ਮੂਰਖਤਾ ਨੂੰ ਸਹਿਜੇ ਜੇ ਪਛਾਣੇ।
ਬੁਧੀਮਾਨ ਉਹ ਬਣਕੇ ਓੜਕ ਆਪਣੇ ਆਪ ਨੂੰ ਜਾਣੇ।

ਬਾਲ- - - - - - ਮੂਰਖ

ਮੂਰਖ ਹੋਵੇ ਪਰ ਜੋ ਮੰਨੇ ਆਪਣੇ ਆਪ ਨੂੰ ਦਾਨਾ,
ਉਹ ਮਹਾਂ ਮੂਰਖ ਅਗਿਆਨੀ ਕਦੇ ਨਾ ਬਣੇ ਸਿਆਣਾ॥
ਯਾਵਜੀਵੰ, ਪਿ ਚੇ ਬਾਲੋ, ਪੰਡਿਤੰ ਪਇਰੁਪਾਸਤਿ।
ਨ ਸੋ ਧੰਮੰ ਵਿਜਾਨਾਤਿ, ਦੱਬੀ ਸੂਪਰਸੰ ਯਥਾ॥64॥

64. ਸਾਰਾ ਜੀਵਨ ਵੀ ਜੇ ਮੂਰਖ ਬੁਧੀਮਾਨ ਨੂੰ ਸੇਵੇ।
ਮੂਰਖਤਾ ਦੇ ਕਾਰਨ ਉਸ ਤੋਂ ਖਾਏ ਨਾ ਧਰਮ ਦੇ ਮੇਵੇ।
ਜੀਕਣ ਕੜਛੀ ਸੂਪ ਦੇ ਅੰਦਰ ਭਾਵੇਂ ਕਿਤਨੀ ਘੁੰਮੇ,
ਤਾਂ ਵੀ ਉਸ ਦੀ ਲਜ਼ਤ ਤਾਈਂ ਕਦੇ ਚੱਖ ਨਾ ਲੇਵੇ॥
ਮੁਹੁੱਤੰ ਅਪਿ ਚੇ ਵਿਞੂ, ਪੰਡਿਤੰ ਪਾਇਰੁਪਾਸਤਿ।
ਖਿੱਪੰਧੰਮੰ ਵਿਜਾਨਾਤਿ, ਜ਼ਿਵ੍ਹਾ ਸੂਪਰਸੰ ਯਥਾ॥ 65॥

65. ਸੋਚਵਾਨ ਜੇ ਬੁਧੀਮਾਨ ਦੀ ਖਿੰਨ ਭਰ ਸੇਵਾ ਕਰੇ,
ਜਲਦੀ ਹੀ ਉਹ ਧਰਮ-ਭਾਵ ਨੂੰ ਜੀ ਆਪਣੇ ਵਿਚ ਧਰੇ।
ਜੀਕਣ ਜੀਭ ਤਾਂ ਸੂਪ ਰਸ ਨੂੰ ਸਹਿਜੇ ਜਾਣ ਹੀ ਲੇਵੇ।
ਜਦ ਕਿ ਉਸ ਦੇ ਸੰਗ ਨੂੰ ਉਹ ਤਾਂ ਥੋੜੀ ਦੇਰ ਹੀ ਮਾਣੇ।
ਚਰੰਤਿ ਬਾਲਾ ਦੁੱਮੇਧਾ, ਅਮਿੱਤੇਨੇਵ ਅੱਤਨਾ।
ਕਰੋ ਤਾਂ ਪਾਪਕੰ ਕੱਮੰ, ਯੰ ਹੋਤਿ ਕਟੁਕਪਫਲੰ ॥66॥

66. ਭੈੜੇ ਮੂਰਖ ਜਗ ਵਿਚ ਆਪਣੇ ਆਪ ਹੀ ਦੁਸ਼ਮਣ ਹੋਵਣ।
ਕਿਉਂ ਜੋ ਉਹ ਤਾਂ ਏਹੋ ਜਿਹੇ ਬੀਜ ਕੰਮ ਦੇ ਬੋਵਣ।
ਜਿਹੜੇ ਦੂਜਿਆਂ ਖਾਤਰ ਹੋਵਣ ਜਗ ਦੇ ਵਿਚ ਦੁਖਦਾਈ।
ਅਤੇ ਉਨ੍ਹਾਂ ਦੀ ਵੀ ਸਹਿਜੇ ਇਜ਼ਤ ਸਾਰੀ ਖੋਹਵਣ॥
ਨ ਤੰ ਕੱਮੰ ਕਤੰ ਸਾਧੁ, ਯੰ ਕਤਵਾ ਅਨੁਤੱਪਤਿ।
ਯੱਸ ਅੱਸੁਮੁਖੋ ਰੋਦ ਵਿਪਾਕੰ ਪਟਿਸੇਵਤਿ॥67॥

67. ਕੀਤਾ ਹੋਇਆ ਕੰਮ ਉਹ ਕਦੇ ਜਗ ਨੂੰ ਮੂਲ ਨਾ ਭਾਵੇ।
ਜਿਸ ਨੂੰ ਕਰਕੇ ਬੰਦਾ ਰਿੜਕ ਆਪੇ ਹੀ ਪਛਤਾਵੇ।
ਅਤੇ ਰੋ ਰੋ ਜਿਸ ਦੇ ਫਲ ਨੂੰ ਮਜ਼ਬੂਰਨ ਉਹ ਖਾਵੇ।
ਅਤੇ ਜੀਵਨ ਦੁਨੀਆ ਅੰਦਰ ਆਪਣੀ ਪੱਤ ਗੰਵਾਵੇ॥
ਤੰ ਚ ਕੱਮੰ ਕੰਤੰ ਸਾਧੁ, ਯੰ ਕਤਵਾ ਨਾਨੁਤੱਪਤਿ।
ਯੱਸ ਪਤੀਤੋ ਸੁਮਨੋ, ਵਿਪਾਕੰ ਪਟਿਸੇਵਤਿ ॥68॥

68. ਕੀਤਾ ਹੋਇਆ ਕੰਮ ਉਹ ਕੇਵਲ ਹੁੰਦੇ ਪੁੰਨਾ ਸੰਦਾ,
ਜਿਸ ਦੀ ਬਾਬਤ ਕਦੇ ਨਾ ਉਪਜੇ ਮਨ ਵਿਚ ਝੋਰਾ ਮੰਦਾ।

ਅਤੇ ਖਾਕੇ ਜਿਸ ਦੇ ਫ਼ਲ ਨੂੰ ਖੁਸ਼ੀ ਖੁਸ਼ੀ ਜਗ ਮਾਹੀਂ।
ਮਾਲਕ ਵਾਲਾ ਸ਼ੁਕਰ ਕਰੇ ਸਹਿਜੇ ਆਪੇ ਬੰਦਾ॥
ਮਧੁਵਾ ਮੱਵਤਿ ਬਾਲੋ, ਯਾਵ ਪਾਪੰ ਨ ਪੱਚਤਿ।
ਯਦਾ ਚ ਪੱਚਿਤ ਪਾਪੰ, ਬਾਲੋ ਦੁਕਖੰ ਨਿਗਚਛਤਿ॥69॥

69. ਜਦ ਤਕ ਸਿੱਟਾ ਨਿਕਲੇ ਨਾਹੀਂ ਪਾਪ-ਭਰੇ ਕੰਮ ਸੰਦਾ।
ਤਦ ਤਕ ਉਸ ਨੂੰ ਸਾਥੀ ਸਮਝੇ ਭੈੜਾ ਮੂਰਖ ਬੰਦਾ।
ਐਪਰ ਜਿਉਂ ਜਿਉਂ ਪਾਪ ਸੁਭਾਵਕ ਆਪੇ ਉਸਦਾ ਪੱਕੇ
ਤਿਉਂ ਤਿਉਂ ਦੁਖ ਦਾ ਭਾਗ ਬਣ ਕੇ ਚੱਖੇ ਫ਼ਲ ਉਹ ਮੰਦਾ॥
ਮਾਸੇ ਮਾਸੇ ਕੁਸੱਗੇਨ, ਬਾਲੋ ਭੁੰਜੇਂ ਯ ਭੋਜਨੰ।
ਨ ਸੋ ਸੰਖਤੱਧਮਾਨੰ, ਕਲੰ ਅਗਘਤਿ ਸੋਣਸਿੰ ॥ 70॥

70. ਮੂਰਖ ਜੇਕਰ ਕੁਸ਼ਾ-ਨੋਕ ਸਿਉਂ ਕਈ ਮਹੀਨਿਆਂ ਤਾਈਂ।
ਥੋੜਾ ਥੋੜਾ ਖਾਣਾ ਖਾ ਕੇ ਜੀਵੇ ਜਗਤ ਮਾਹੀਂ।
ਭਾਗ ਸੋਲ੍ਹਵਾਂ ਹੋ ਨਾ ਸਕੇ ਉਹ ਤਾਂ ਸਭ-ਪੁਰਖਾਂ ਦਾ।
ਜਿਨ੍ਹਾਂ ਨਿੱਜ ਜੀਵਨ ਨੂੰ ਕੀਤੈ ਦੈਵੀ, ਧਰਮ ਦੇ ਰਾਹੀਂ॥
ਨ ਹਿ ਪਾਪੰ ਕਤੰ ਕੱਮੰ, ਸੱਜੁ ਖੀਰੰ ਵ ਮੁੱਚਤਿ।
ਡਹਤੰ ਬਾਲੰ ਅਨਵੇਤਿ, ਭਸਮਚਛੱਨੋ ਪਾਵਕੋ॥71॥

71. ਕੀਤਾ ਹੋਇਆ ਪਾਪ ਕਰਮ ਤਾਂ ਇਕਦਮ ਫ਼ਲ ਨਹੀਂ ਦਿੰਦ
ਜੀਕਣ ਦੁੱਧ ਇੱਕਦਮ ਫ਼ੌਰਨ ਆਪ ਦਹੀਂ ਨਹੀਂ ਹੁੰਦਾ।
ਭਸਮ ਵਿਚ ਪਰ ਲੁਕੀ ਅਗਨੀ ਜੀਕਣ ਜਲਦੀ ਰਹਿੰਦੀ।
ਈਕਣ ਗੁੱਝਾ ਪਾਪ ਕੁਧਰਮੀ ਤਾਈਂ ਨਾਸ਼ ਹੈ ਕਰਦਾ।
ਯਾਵਦੇਵ ਅਨਤਬਾਯ ਵੱਤੰ ਬਾਲੱਸ ਜਾਯਤਿ।
ਹੰਤਿ ਬਾਲੱਸ ਸੁੱਕੰਸੰ, ਮੁਦਧਮੱਸ ਵਿਪਾਤਯੰ॥72॥

72. ਮੂਰਖ ਜਿਹੜਾ ਗਿਆਨ ਹੈ ਹਾਸਿਲ ਕਰਦਾ ਜਗ ਵਿਚਕਾਰ।
ਉਸ ਦੇ ਨਾਲ ਤਾਂ ਉਹ ਕਰਦਾ ਹੈ ਨਿਰਾ ਪੁਰਾ ਵਿਭਚਾਰ।
ਗਿਆਨ ਦੇ ਚਿੱਟੇ ਪੱਖ ਦਾ ਮੂਰਖ ਕਰ ਦਿੰਦਾ ਹੈ ਨਾਸ਼।
ਨਾਲੇ ਆਪਣੇ ਭਾਗਾਂ ਨੂੰ ਵੀ ਕਰਦੈ ਖਜਲ ਖ਼ੁਆਰ॥
ਅਸੰਤੰ ਭਾਵਨੰਇਛੱਛੇਯ ਪੁਰੇਕਖਾਰੰ ਚ ਭਿਕਖੁਸੁ।
ਆਵਾਸੇਸੁ ਚ ਇਸੱਰਿਅੰ, ਪੂਜੰ ਪਰਕੁਲੇਸੁ ਚ॥ 73।
ਮਮੇਵ ਕਤਮੱਵੇਤੁ, ਗਿਹੀਪੱਬਜਿਤਾ ਉਭੋ।

ਮਮੇਵਾਤਿਵਸਾ ਅੱਸੁ, ਕਿੱਚਾਕਿੱਚੇਸੁ ਕਿਸਮਿਚਿ।
ਇਤ੍ਹੀ ਬਾਲੱਸ ਸੰਕਪੋ ਇਚਛਾ ਮਾਨੋ ਵ ਵਡਢਤਿ ॥74॥

73-74 ਮੂਰਖ ਲੋੜੇ ਝੂਠੀ ਇਜ਼ਤ ਅਤੇ ਜਗਤ-ਮਈ ਸ਼ਾਨ।
ਉਹ ਚਾਹੁੰਦੈ ਹਾਕਮ ਬਣ ਕੇ ਘਰ ਵਿਚ ਪਾਵੇ ਮਾਨ।
ਉਹ ਚਾਹੁੰਦੈ ਸਾਰੇ ਲੋਕੀ ਉਸ ਦੀ ਮੰਨਣ ਈਨ,
ਉਹ ਚਾਹੁੰਦੈ ਸਭ ਕੰਮ ਉਸਦੇ ਚੜ੍ਹ ਜਾਵਣ ਪਰਵਾਣ॥

ਅੱਵਾ ਹਿ ਲਾਭੂਪਨਿਸ਼ਾ, ਅੱਵਾ ਨਿੱਬਾਨਗਾਮਿਨੀ।
ਏਵਮੇਤੰ ਅਭਿਵੱਵਾਯ, ਭਿਕਖੁ ਬੁਦਧੱਸ ਸਾਵਕੋ।
ਸੱਕਾਰੰ ਨਾਭਿਨੰਦੇੱਯ ਵਿਵੇਕਮਨੁਬਰੂਹਯੇ ॥75॥

75. ਜਗ-ਜੱਸ ਵਾਲੀ ਹੋਰ ਹੈ ਸੀੜੀ ਮੁਕਤੀ ਦੀ ਹੈ ਹੋਰ।
ਬੁੱਧ ਦਾ ਸੇਵਕ ਕਦੇ ਨਾ ਲੋੜੇ ਜਗਤ-ਮਾਣ ਦਾ ਜ਼ੋਰ।
ਉਹ ਤਾਂ ਸਚ ਪਰਾਇਣ ਹੋਕੇ ਪ੍ਰਸੰਨ ਜੀਵਨ ਜੀਵੇ।
ਮੁਕਤੀ ਖਾਤਰ ਉਹ ਤਾਂ ਚਲੇ ਸਦਾ ਵਿਵੇਕੀ ਤੋਰ॥

ਛੇਵਾਂ ਵੱਗ

ਪੰਡਿਤ ਵੱਗੋ (ਪੰਡਿਤ ਵਰਗ)

ਨਿਧੀਨੰ ਵ ਪਵੱਤਾਰੰ, ਯੰ ਪੱਸੇ ਵੱਜੱਦਸਿਨੰ।
ਨਿੱਗਯਹਵਾਦਿੰ ਮੋਧਾਵਿੰ, ਤਾਦਿਸੰ ਪੰਡਿਤੰ ਭਜੇ।
ਤਾਦਿਸੰ ਭਜਮਾਨੱਸ, ਸੋਂ ਯੇਹੋਤਿ ਨ ਪਾਪਿਯੋ॥76॥

6. ਜੀਵਨ ਦੇ ਕਲਿਆਨ ਦੀ ਖ਼ਾਤਰ ਬੰਦਾ ਓਸੇ ਜਨ ਦਾ
ਲਏ ਆਸਰਾ ਜਿਹੜਾ ਹੋਵੇ ਸਚਮੁਚ ਹੀ ਤੱਤ-ਵੇਤਾ।
ਜਿਹੜਾ ਪਾਪ ਪੁੰਨ ਨੂੰ ਦੱਸੇ ਕਰੇ ਸਚ ਵਿਖਿਆਨ।
ਜਿਹੜਾ ਖੁਲ੍ਹਾ ਭੁਲ੍ਹਾ ਕਰੇ ਗਿਆਨ-ਮਈ ਪਰਚਾਰ॥
ਓਵਦੇੱਯਾਨੁਸਾਸੇੱਯ ਅਸਥਭਾ 'ਚ ਨਿਵਾਰਯੇ।
ਸਤੰ ਹਿ ਸੋ ਪਿਯੋ ਹੋਤਿ, ਅਸੰਤੰ ਹੋਤਿ ਅੱਪਿਯੋ॥77॥

7. ਜਿਹੜਾ ਧਰਮ ਦੀ ਸਿੱਖਿਆ ਦੇਵੇ ਕਰੇ ਧਰਮ ਦਾ ਰਾਜ।
ਜਿਹੜਾ ਕਰਨ ਨਾ ਦੇਵੇ ਆਪਣੇ ਸਿੱਖਾਂ ਨੂੰ ਮੰਦ ਕਾਜ,
ਜਿਹੜਾ ਹੋਵੇ ਸਤਪੁਰਖਾਂ ਦਾ ਦਿਲੋਂ ਮਨੋ ਸ਼ਰਧਾਲੂ।
ਉਹੀ ਆਗੂ ਦੁਸ਼ਟ-ਦਮਨ ਦਾ ਪਹਿਰੈ ਦੈਵੀ ਤਾਜ॥
ਨ ਭੱਜੇ ਪਾਪਕੇ ਮਿੱਤੇ, ਨ ਭਜੇ ਪੁਰਿਸਾਧਮੇ॥
ਭਜੇਥ ਮਿੱਤੇ ਕਲਿਆਣੇ, ਭਜੇਥ ਪੁਰਿਸੁੱਤਮ॥78॥

78. ਪਾਪੀ ਨੂੰ ਨਾ ਮਿੱਤਰ ਬਣਾਏ, ਨੀਚਾਂ ਤੋਂ ਰਵ੍ਹੇ ਦੂਰ।
ਚੰਗਿਆਂ ਦੀ ਜੋ ਸੰਗਤ ਕਰੇ, ਸੱਚ ਨੂੰ ਦੇਖੇ ਸਦ ਭਰਪੂਰ।
ਆਪਣਾ ਆਗੂ ਆਪ ਬਣ ਕੇ ਉਹ ਭਵਸਾਗਰ ਤਰੇ।
ਅਤੇ ਖਿੰਡਾਏ ਥਾਉ ਥਾਈਂ ਸੱਚ ਦਾ ਦੈਵੀ ਨੂਰ॥
ਧੱਮਪੀਤਿ ਸੁਖੰ ਸੇਤਿ, ਵਿੱਪਸੱਨੇਨ ਚੇਤਸਾ।
ਅਰਿਯੱਪਵੇਦਿੱਤੇ ਧੱਮੇ, ਸਦਾ ਰਮਤਿ ਪੰਡਿਤੋ ॥79॥

ਪੰਡਿਤ- - - - - - - -ਸਿਆਣਾ ਮਨੁੱਖ

79. ਸਤਵਾਦੀ ਜੋ ਦੱਸਣ ਉਹੀ ਧਰਮ ਦਾ ਮਾਰਗ ਹੋਵੇ।
ਧਰਮ ਦਾ ਜਿਹੜਾ ਅੰਮ੍ਰਿਤ ਪੀਵੇ ਸੁਖ ਦੀ ਨੀਂਦਰ ਸੋਵੇ।
ਧਰਮ ਦੀ ਰਾਹ ਤੇ ਚਲਣ ਵਾਲਾ, ਰਹੇ ਨਿੱਤ-ਪ੍ਰਸੰਨ।
ਧਰਮ ਦੀ ਰਾਹ ਤੇ ਚੱਲਣ ਵਾਲਾ ਸੱਚ ਦੇ ਵਿਚ ਸਮੋਵੇ॥
ਉਦਕੰ ਹਿ ਨਯੰਤਿ ਨੇੱਤਿਕਾ, ਉਸੁਕਾਰਾ ਨਮਯੰਤਿ ਤੇਜਨੰ।
ਦਾਰੂੰ ਨਮਯੰਤਿ ਤਚਛਕਾ। ਅੱਤਾਨੰ ਦਮਯੰਤਿ ਪੰਡਿਤਾ॥80॥

80. ਨਹਿਰਾਂ ਦਾ ਨਿਰਮਾਤਾ ਜਲ ਨੂੰ ਚਾਹੇ ਜਿਧਰ ਲਿਜਾਏ।
ਤੀਰ ਬਣਾਏ ਜਿਹੜਾ ਉਸ ਨੂੰ ਇੱਛਾ ਨਾਲ ਚਲਾਏ।
ਤਰਖਾਣ ਲਕੜੀ ਨੂੰ ਮੋੜੇ ਨਿੱਜ-ਲੋੜਾਂ ਅਨੁਸਾਰ।
ਈਕਣ ਪੰਡਿਤ ਆਪਣੇ ਮਨ ਤੇ ਪੂਰਾ ਕਾਬੂ ਪਾਏ॥
ਸੇਲੋ ਯਥਾ ਏਕਘਨੋ, ਵਾਤੇਨ ਨ ਸਮੀਰਤਿ।
ਏਵੰ ਨਿੰਦਾਪਸੰਸਾਸੁ, ਨ ਸਮਿੰਜੰਤਿ ਪੰਡਿਤਾ॥81॥

81. ਜੀਕਣ ਵਾਯੂ ਪਰਬਤ ਨੂੰ ਨਾ ਕਰੇ ਚਲਾਏ ਮਾਨ।
ਨਿੰਦਾ ਉਸਤਤ ਸੱਮ ਕਰ ਜਾਨਣ ਈਕਣ ਪੁਰਖ-ਸੁਜਾਨ।
ਜੀਕਣ ਪਰਬਤ ਆਪਣੀ ਥਾਂ ਤੇ ਰਹਿੰਦੇ ਸਦਾ ਅਟੱਲ।
ਈਕਣ ਮਾਲਕ ਅੰਦਰ ਰੱਖਣ, ਬੁਧੀਮਾਨ ਨਿੱਤ ਧਿਆਨ॥
ਯਥਾਪਿ ਰਹਦੋ ਗੰਭੀਰੋ, ਵਿੱਪਸੱਲੋ ਅਨਾਵਿਲੋ।
ਏਵੰ ਧੰਮਾਨਿ ਸੁਤਵਾਨ, ਵਿੱਪਸੀਦੰਤਿ ਪੰਡਿਤਾ॥82॥

82. ਡੂੰਘਾ ਪਾਣੀ ਜੀਕਣ ਹੁੰਦੈ ਨਿਰਮਲ ਤੇ ਗੰਭੀਰ।
ਈਕਣ ਧਰਮੀ ਪੰਡਿਤ ਰਹਿਵਣ ਨਿੱਤ ਪ੍ਰਸੰਨ ਤੇ ਧੀਰ॥
ਧਰਮੀ ਪੰਡਿਤ ਜਗ ਨੂੰ ਉੱਨਤ ਕਰਨ ਸਚ ਦੇ ਅੰਦਰ।
ਉਹ ਤਾਂ ਬਨਣ ਸਹਿਜ ਸੁਭਾਵਕ ਨਿੱਜ-ਆਗੂ ਗੁਰ-ਪੀਰ
ਸੱਬਤਥ ਵੇ ਸੱਪੁਰਿਸਾ ਚਜੰਤਿ, ਨ ਕਾਮਕਾਮਾ ਲਪਯੰਤਿ ਸੰਤੋ।
ਸੁਖੇਨ ਫੁਟਨਾ ਅਥ ਵਾ ਦੁਖੇਨ, ਨ ਉੱਚਾਵਚੰ ਪੰਡਿਤਾ ਦੱਸਯੰਤਿ॥83॥

83. ਸਤ-ਪੁਰਖ ਤਾਂ ਧਰਮ ਦੀ ਰਾਹ ਤੇ ਅਗ੍ਹਾਂ ਵਧਦੇ ਜਾਣ।
ਇੱਛਾਵਾਂ ਨੂੰ ਨਿਰਮਲ ਰੱਖਣ ਜੂਠਾ ਕਦੇ ਨਾ ਖਾਣ।
ਸੁਖ ਹੋਵੇ ਜਾਂ ਦੁੱਖ ਜੀਵਨ ਵਿਚ ਉਨ੍ਹਾਂ ਤਾਈਂ ਆਇਆ।
ਨਿੱਜ ਵਿਰਤੀ ਵਿਚ ਉੱਚ ਨੀਚ ਦੇ ਉਹ ਨਾ ਭਾਵ ਉਪਾਣ॥
ਨ ਅੱਤਹੇਤੁ ਨ ਪਰੱਸ ਹੇਤੁ, ਨ ਪੁੱਤੰ ਇਚਛੇ ਨ ਧਨੰ ਨ ਰਟਨੰ
ਨ ਇਚਛੇੱਯ ਅੱਧਮੇਨ ਸਮਿਦਧਿਮ ਅੱਤਨੋ,
ਸ ਸੀਲਵਾ ਪੱਞਵਾ ਧੰਮਿਕੋ ਸਿਯਾ॥84॥

84. ਆਪ ਵਾਸਤੇ ਜੋ ਨਾ ਲੋੜੇ ਨਿੱਜ ਤੇ ਦੂਜਿਆਂ ਖਾਤਰ,
ਰਾਜ ਹਕੂਮਤ , ਧਨ ਤੇ ਦੌਲਤ ਅਤੇ ਬੰਧੂ ਪੁੱਤਰ।
ਪਾਪ ਦੁਆਰਾ ਜਿਹੜਾ ਆਪਣੀ ਤਰੱਕੀ ਨਾ ਲੋੜੇ।

ਧਰਮ-ਪਰਾਇਣ ਉਹ ਜਨ ਸੱਚਾ, ਸਭਾ ਦਾ ਹੈਵੇ ਮਿੱਤਰ॥
ਅੱਪਕਾ ਤੇ ਮਨੁੱਸੇਸੁ, ਯੇ ਜਨਾ ਪਾਰਗਾਮਿਨੋ।
ਅਥਾਯੰ ਇਤਰਾ ਪਜਾ, ਤੀਰੰ ਏਵਾਨੁਧਾਵਤਿ॥85॥

85. ਵਿਰਲੇ ਜਨ ਤਾਂ ਭਵ-ਸਾਗਰ ਤੋਂ ਪਾਰ ਉਤਰਣਾ ਚਾਹਵਣ।
ਵਿਰਲੇ ਸੱਚੇ ਮਾਲਕ ਤਾਈਂ ਹਰਦਮ ਪਏ ਧਿਆਵਣ।
ਵਿਰਲੇ ਦੂਜਿਆਂ ਦੀ ਸੇਵਾ ਵਿਚ ਆਪਣਾ ਆਪ ਵੰਡਾਵਣ।
ਬਾਕੀ ਜਨ ਤਾ ਕੰਢਿਆਂ ਉਪਰ ਨਿੱਤ ਪਏ ਫੇਰੇ ਪਾਵਣ॥
ਯੇ ਚ ਖੋ ਸੱਮਦਕਖਾਤੇ, ਧੱਮੇ ਧੱਮਾਨੁਵੱਤਿਨੋ।
ਤੇ ਜਨਾ ਪਾਰੰ ਏੱ ਸੰਤਿ, ਮੱਚੁਧੇੱਯੰ ਸੁਦੁੱਤਰੰ ॥86॥

86. ਸੱਚ-ਪਰਾਇਣ ਬੰਦੇ ਜਿਹੜੇ ਧਰਮ ਦਾ ਲੱਭਣ ਸਾਰ।
ਸੱਚ ਪਰਾਇਣ ਬੰਦੇ ਜਿਹੜੇ ਨਿੱਤ ਨਿੱਤ ਰਹਿਣ ਤਿਆਰ।
ਸੱਚ ਪਰਾਇਣ ਬੰਦੇ ਜਿਹੜੇ ਹਰਦਮ ਨਾਮ ਸਮ੍ਹਾਲਣ।
ਮੌਤ ਦੇ ਦੁਤਰ ਸਾਗਰ ਤੋਂ ਤਾਂ ਉਹੀ ਉਤਰਣ ਪਾਰ॥
ਕਣਹੰ ਧੱਮੰ ਵਿੱਪਹਾਯ, ਸੁੱਕੰ ਭਾਵੇਥ ਪੰਡਿਤੋ।
ਓਕਾ ਅਨੋਕਮਾਗੱਮ, ਵਿਵੇਕ ਯਤਥਦੂਰਮੰ ॥87॥

87. ਮੋਹ ਮਾਇਆ ਨੂੰ ਛੱਡ ਕੇ ਦਾਨਾ, ਸਾਧ ਧਰਮ ਅਪਨਾਏ।
ਗ੍ਰਿਹਸਥ ਵਿਚ ਨਿਰਾਲਮ ਰਹਿ ਕੇ, ਜੀਵਨ ਫ਼ਰਜ਼ ਨਿਭਾਏ।
ਸੇਵਾ, ਪ੍ਰੇਮ ਤੇ ਜਪ ਤਪ ਵਾਲੇ ਤੱਤ-ਮਾਰਗ ਨੂੰ ਧਾਰੇ।
ਤਾਂਹੀਓਂ ਸਹਿਜੇ ਜੀਂਦੇ ਜੀ, ਉਹ ਨਿਰਵਾਣ ਨੂੰ ਪਾਏ॥
ਤਤ੍ਰਾ ਭਿਰਤਿਇਚਛੇੱਯ, ਹਿਤਵਾ ਕਾਮੇ ਅਕਿੰਚਨੋ।
ਪਰਿਯੋਦਪੇਯੱ ਅੱਤਾਨੰ, ਚਿੱਤਕਲੇਸੇਹਿ ਪੰਡਿਤੋ॥88॥

88. ਬੁੱਧੀਮਾਨ ਦਾ ਫਰਜ਼ ਹੈ ਛੱਡੇ ਮੋਹ ਮਾਇਆ ਦਾ ਪਿਆਰ।
ਉਸ ਦਾ ਫਰਜ਼ ਹੈ ਖੋਜੇ ਹਰਦਮ ਜੀਵਨ ਵਾਲਾ ਸਾਰ,
ਉਸ ਦਾ ਫਰਜ਼ ਹੈ ਸੁਰਤ ਨੂੰ ਗੱਡੇ ਤੱਤ-ਵਿਵੇਕ ਤੇ ਉੱਕਾ।
ਤਾਂ ਜੋ ਦੁੱਖ ਤੋਂ ਛੁਟ ਕੇ ਉਹ ਤਾਂ ਆਪਾ ਲਏ ਸੰਵਾਰ॥
ਯੇਸੰ ਸੰਬੋਧਿਅੰਗੇਸੁ, ਸੱਮਾ ਚਿੱਤੰ ਸੁਭਾਵਿਤੰ।
ਆਦਾਨਪਟਿਨਿੱਸੱਗੇ, ਅਨੁਪਾਦਾਯ ਯੇ ਰਤਾ।
ਖੀਣਾਸਵਾ ਜੁਤਿਮੰਤੋ, ਤੇ ਲੋਕੇ ਪਰਿਨਿੱਬੁਤਾ॥89॥

89. ਜਿਨ੍ਹਾ ਦਾ ਚਿੱਤ ਗਿਆਨ ਦੇ ਸੱਤੇ ਅੰਗਾਂ ਸੰਗ ਹੈ ਖਿੜਿਆ।
ਜਿਹੜੇ ਪੂਰੇ ਨਿਰਮੋਹੀ ਨੇ ਰੱਖਦੇ ਨੇ ਜਤ-ਕਿਰਿਆ।
ਜਿਹੜੇ ਪਾਕ ਤੇ ਵਿਕਸਿਤ ਰਹਿਵਣ ਅੰਦਰ ਹਰ ਇਕ ਹਾਲ,
ਉਹੀ ਜੀਵਨ ਮੁਕਤੀ ਪਾਕੇ, ਸੱਚ ਵਿਚ ਜਾਣ ਸਮਾ॥

ਸੱਤਵਾਂ ਵੱਗ

ਅਰਹੰਤਵੱਗੋ (ਅਰਹਤ ਵਰਗ)

ਗਤਦਧਿਨੋ ਵਿਮੋਕਸ, ਵਿੱਪਮੁੱਤਸ ਸੱਥਧਿ।
ਸੱਬਗੰ ਥੱਪਹੀਨੱਸ, ਪਰਿਨਾਹੋ ਨ ਵਿੱਜਿਤ ॥90॥

90. ਜੀਵਨ ਸਫ਼ਰ ਕੱਟ ਕੇ ਜਿਹੜਾ ਸ਼ੋਕ ਰਹਿਤ ਹੈ ਜਨ।
ਦੁੱਖ ਤੋਂ ਉੱਚਾ ਹੋ ਕੇ ਜਿਸ ਨੇ ਮੋਖ ਦਾ ਪਾਇਐ ਧਨ।
ਜਿਹੜਾ ਸਿਮਰਨ ਰਾਹੀਂ ਰਹਿੰਦੈ ਸਹਿਜੇ ਨਿੱਤ ਪ੍ਰਸੰਨ,
ਉਸ ਲਈ ਜੱਗ ਦੇ ਅੰਦਰ ਬਾਕੀ ਨਾਹੀਂ ਕੋਈ ਬੰਧਨ॥

ਉੱਯੁੰਜੰਤਿ ਸਤੀਮੰਤੋ, ਨ ਨਿਕੇਤੇ ਰਮੰਤਿ ਤੇ
ਹੰਸਾ ਵ ਪੱਲਲੰ ਹਿਵਤਾ, ਓਕੰ ਓਕੰ ਜਹੰਤਿ ਤੇ॥91॥

91. ਨਿਰਵਾਣ ਦੇ ਇੱਛਕ ਬੰਦੇ ਆਪੇ ਯੋਗੀ ਹੀ ਬਣ ਜਾਣ,
ਦੂਜਿਆਂ ਦੇ ਦਰਵਾਜ਼ਿਆਂ ਉਪਰ ਉਹ ਨਾ ਫੇਰੇ ਪਾਣ।
ਘਰ ਦੇ ਮੋਹ ਨੂੰ ਉਹ ਤਾਂ ਈਕਣ ਸਹਿਜੇ ਦੇਵਣ ਛੱਡ,
ਤਾਲਾਬਾਂ ਨੂੰ ਹੰਸ ਜੀਕਣ ਆਪੇ ਹੀ ਛੱਡ ਜਾਣ॥

ਯੇਸੰ ਸੰਨਿਚਯੋ ਨਤਥਿਯ ਪਰਿੱਵਾਤਭੋਜਨਾ।
ਸੁੱਵਤੋ ਅਨਿਮਿੱਤੋ ਚ, ਵਿਮੋਕਖੋ ਯੇਸੰ ਗੋਚਰੋ।
ਆਕਸੇ ਵ ਸਕੁੰਤਾਨੰ, ਗਤਿ ਤੇਸੰ ਦੁਰੱਨਯੰ॥92॥

92. ਜਿਨ੍ਹਾਂ ਨੇ ਮਾਇਕ ਧਨ ਤਾਈਂ ਨਹੀਂ ਇਕੱਠਾ ਕੀਤਾ।
ਜਿਹੜੇ ਗਿਆਨ ਦੇ ਸੰਜਮ ਨਾਲੇ ਖਾਵਣ ਆਪਣਾ ਖਾਣਾ।
ਜਿਨ੍ਹਾਂ ਨੇ ਨਿਰਵਾਨ ਨੂੰ ਪਾਇਐ ਉਨ੍ਹਾਂ ਵਾਲਾ ਪੱਥ।
ਅਸਮਾਨੀ ਪੰਖੀਆਂ ਦੇ ਵਾਂਗੂੰ ਲਭਣਾ ਹੈ ਅਤਿ ਔਖਾ।

ਯੱਸਾਸਵਾ ਪਰਿਕਖੀਣਾ, ਆਹਾਰੇ ਚ ਅਨਿੱਸਿਤੋ।

ਅਰਹਤ–ਜੋ ਮੁਕਤ ਹੈ–ਬੁੱਧ ਹੈ–ਸੰਤ ਜਾਂ ਗਿਆਨੀ

ਸੁੱਵਤੋ ਅਨਿਮਿੱਤੋ ਚ, ਵਿਮੋਕਖੋ ਯੱਸ ਗੋਚਰੋ।
ਆਕਾਸੇ ਵ ਸਕੁੰਤਾਨੰ, ਪਦੰਤੱਸ ਦੁਰੱਨਯੰ ॥93॥

93. ਜਿਨ੍ਹਾਂ ਦੀ ਮਨ ਦੀ ਮਲ ਉੱਕੀ ਹੋ ਚੁਕੀ ਹੈ ਦੂਰ।
ਜਿਹੜੇ ਧਾਰਨ ਖਾਣ ਦਾ ਸੰਜਮ, ਦੇਖ ਕੇ ਸੱਚ ਭਰਪੂਰ।
ਜਿਨ੍ਹਾਂ ਹੈ ਨਿਰਵਾਨ ਨੂੰ ਪਾਇਆ, ਜੱਗ ਵਿਚ ਮਗ ਉਨ੍ਹਾਂ ਦਾ,
ਅਸਮਾਨੀ ਪੰਖੀਆਂ ਦੇ ਵਾਗੂੰ ਜਾਨਣਾ ਹੈ ਅਤਿ ਔਖਾ॥

ਯੱਸ ਇੰਦ੍ਰੀਆਨਿ ਸਮਥੰਗਤਾਨਿ ਅੱਸਾ ਯਥਾ ਸਾਰਥਿਨਾ ਸੁਦੰਤਾ।
ਪਹੀਨਮਾਨੱਸ ਅਨਾਸੱਵੱਸ, ਦੇਵਾ ਪਿ ਤੱਸ ਪਿਹਯੰਤਿ ਤਾਦਿਨੋ ॥94॥

94. ਰਥਵਾਨ ਜਿਉਂ ਘੋੜੇ ਉਪਰ ਪਾਂਦੈ ਕਾਬੂ ਪੂਰਾ,
ਇੰਦਰਿਆਂ ਤਾਈਂ ਵੱਸ ਕਰ ਲੈਂਦੇ ਈਕਣ ਜਗ ਵਿਚ ਸੂਰਾ॥
ਸੁਰਗ ਲੋਕ ਦੇ ਦੇਵ ਵੀ ਹਰਦਮ ਕਰਦੈ ਹੈਵਨ ਇੱਛਾ।
ਐਸੇ ਨਿਰਹਉਂਜਨ ਦੀ ਪਾਵਣ ਸੁਖਦਾਇਕ ਪਗ-ਧੂਰਾ॥

ਪਠਵਿਸਮੋ ਨੋ ਵਿਰੁਜਝਤਿ। ਇੰਦਖੀਲੂਪਮੋ ਤਾਦਿ ਸੁੱਬਤੋ।
ਰਹਦੋ ਵ ਅਪੇਤਕੱਦਮੋ, ਸੰਸਾਰਾ ਨ ਭਵੰਤਿ ਤਾਦਿਨੋ ॥95॥

95. ਜਿਹੜਾ ਧਰਤੀ ਵਾਕਰ ਰਹਿਵੇ ਸ਼ਾਂਤਮਈ ਨਿਤ ਪੂਰਾ।
ਜਿਹੜਾ ਇੰਦ੍ਰਕੀਲ ਥੰਮ ਵਾਂਗੂੰ ਮੰਤਵ ਵਿਚ ਹੈ ਪੱਕਾ।
ਜਿਹੜਾ ਝੀਲ ਦੇ ਵਾਂਕਰ ਹੈਵੇ ਮੋਹ-ਚਿਕੜ ਤੋਂ ਦੂਰ।
ਜਨਮ ਮਰਨ ਦੇ ਚੱਕਰ ਤੋਂ ਤਾਂ ਉਹ ਰਹਿਵੇ ਨਿਤ ਬਚਿਆ॥

ਸੰਤੰ ਤੱਸ ਮਨੰ ਹੋਤਿ, ਸੰਤਾ ਵਾਚਾ ਚ ਕੱਮ ਚ।
ਸੱਮਦੱਵਾਵਿਮੁੱਤੱਸ, ਉਪਾਸਮੰਤਸੱ ਤਾਦਿਨੋ ॥96॥

96. ਤਤ-ਗਿਆਨ ਨੂੰ ਹਾਸਿਲ ਕਰਕੇ ਜਿਹੜਾ ਹੋਵੇ ਸ਼ਾਂਤ
ਉਸਦੇ ਮਨ ਬੋਲੀ ਤੇ ਸੁਰਤੀ ਹੋ ਜਾਵਣ ਏਕਾਂਤ।
ਸੱਚ-ਪਰਾਇਣ ਹੋਵਣ ਨਾਲੇ ਮਨ ਵਿਚ ਉਪਜੇ ਸੁਖ।
ਧਰਮ-ਪਰਾਇਣ ਹੋਵਣ ਨਾਲੇ ਸੰਵਰਨ ਨਿਜ ਸਿਧਾਂਤ॥

ਅੱਸਦਧੋ ਅਕਤੱਞੂ ਚ, ਸੰਧਿਚਛੇਦੋ ਚ ਯੋ ਨਰੋ।
ਹਤਾਵਕਾਸੋ ਵੰਤਾਸੋ, ਸ ਵੇ ਉੱਤਮ ਪੋਰਿਸੋ ॥97॥

97. ਪੱਕੇ ਨਿਸਚੇ ਵਾਲਾ ਜਿਸ ਦਾ ਮੋਖ ਹੋਵੇ ਉੱਚਾ।
ਨਿਰਹਉਂ ਹੋਵੇ ਅਤੇ ਜਿਹੜਾ ਦੰਦਾ ਤੋਂ ਹੋਏ ਸੁੱਚਾ।
ਤ੍ਰਿਸ਼ਨਾ ਨੂੰ ਜੋ ਨਿੱਜ-ਜੀਵਨ ਤੋਂ ਬਾਹਰ ਕੱਢੇ ਉੱਕਾ।
ਉਹੀ ਜਨ ਹੈ ਦੁਨੀਆ ਅੰਦਰ ਸਚਮੁਚ ਖਰਾ ਸਮੁੱਚਾ॥

ਗਾਮੇ ਵਾ ਯਦਿ ਵਾਰਞੇ ਨਿੱਨੇ ਵਾ ਯਦਿ ਵਾ ਥਲੇ।
ਯਤਥ ਅਰਹੰਤੋ ਵਿਹਰੰਤਿ, ਤੰ ਭੂਮਿਰਾਮਣੇਯੱਕੰ ॥੯੪॥

੯੪. ਧਰਤੀ ਹੈ ਰਮਣੀਕ ਜਿੱਥੇ ਰਹਿਣ ਚਰਿੱਤਰਵਾਨ,
ਭਾਵੇਂ ਉਹ ਹੈ ਬਸਤੀ, ਜੰਗਲ ਜਾਂ ਇੱਕ ਖੁਸ਼ਕ ਸਥਾਨ।
ਜਿਸ ਧਰਤੀ ਦੇ ਉਪਰ ਵੱਸਣ ਅਰਹੱਤ ਨਿਰਮਲ ਬੰਦੇ,
ਉਹ ਧਰਤੀ ਹੈ ਸਚੀਂ ਮੁਚੀ ਜਗ ਵਿਚ ਸੁਰਗ ਸਮਾਨ॥

ਰਮਣੀਯਾਨਿ ਅਰੱਞਾਨਿ, ਯਤਥ ਨ ਰਮਤੀ ਜਨੋ।
ਵੀਤਰਾਗਾ ਰਮਿੱਸੰਤਿ, ਨ ਤੇ ਕਾਮਗਵੇਸਿਨੋ ॥੯੯॥

੯੯. ਸੁਹਣੇ ਕੱਲੇ ਬਨਾਂ ਅੰਦਰ ਨਾ ਸੁਖ ਪਾਵਣ ਦੁਨੀਆ ਵਾਲੇ,
ਕਿਉਂ ਜੋ ਮਾਇਆ ਵਾਲੇ ਚਿੰਤਨ ਉਥੇ ਜਾਵਣ ਉਨ੍ਹਾਂ ਨਾਲੇ।
ਉਥੇ ਤਾਂ ਬਸ ਸਾਧੂ ਜਨ ਹੀ ਪਾਵਣ ਸੱਚਾ ਸੁੱਚਾ ਸੁਖ।
ਕਿਉਂ ਜੋ ਕਾਮ ਚੇਸ਼ਟਾ ਨਾਲੋਂ ਉਹ ਜਨ ਹੈਵਨ ਸਦਾ ਉਚਾਲੇ॥

ਅੱਠਵਾਂ ਵੱਗ

ਸਹੱਸਵੱਗੋ (ਸਹਸਰ ਵਰਗ)

ਸਹੱਸਮਪਿ ਹੈ ਵਾਚਾ, ਅਨਤਥਪਦਸੰਹਿਤਾ।
ਏਕੰ ਅਤਥਪਦੰ ਸੋੱਯੋ ਯੰ ਸੁਤਵਾ ਉਪਸੱਮਤਿ ॥100॥

100. ਸਹਸ ਨਿਕੰਮੇ ਪਦਾਂ ਨਾਲ ਭਰੀ ਬਾਣੀ ਹੈ ਬੇਫ਼ਲ।
ਦਿਲਾਂ ਤਾਈਂ ਜੋ ਸੁਖ ਦੇਵੇ ਚੰਗੀ ਉਹ ਹੈ ਇਕੋ ਗੱਲ।
ਚੰਗੇ ਸੁਹਣੇ ਸ਼ਬਦਾਂ ਨਾਲੇ ਦਿਲਾਂ ਅੰਦਰ ਉਪਜੇ ਸੁਖ।
ਭੈੜੇ ਕੋਝੇ ਸ਼ਬਦ ਲਾਵਣ ਦਿਲਾਂ ਤਾਈਂ ਚੁਭ੍ਵੇਂ ਸੱਲ॥

ਸਹੱਸਮਪਿ ਚੇ ਗਾਥਾ, ਅਨਤਥ ਪਦ ਸੰਹਿਤਾ।
ਏਕੰ ਗਾਥਾਪਦੇ ਸੋੱ ਯੇ ਯੰ ਸੁਤਵਾ ਉਪਸੱਮੱਤਿ॥ 101॥

101. ਸਹਸ ਨਿਕੰਮੇ ਪਦਾਂ ਨਾਲ ਭਰੀ ਗਾਥਾ ਹੈ ਬੇਫਲ।
ਹਿਰਦੇ ਨੂੰ ਸੁਖ ਦੇਵਣ ਵਾਲੀ ਇਕ ਗਾਥਾ ਹੈ ਸਫ਼ਲ।
ਬੋਲਣ ਦਾ ਤਾਂ ਭਾਵ ਇਹ ਹੈ ਸੁਖ ਵਰਤੇ ਥਾਂ ਥਾਂ ਤੇ।
ਉਹ ਗਾਥਾ ਹੈ ਭੈੜੀ ਜਿਹੜੀ ਮਨ ਨੂੰ ਕਰਦੇ ਬੇਕਲ॥

ਯੋ ਚ ਗਾਥਾ ਸੰਤੰ ਭਾਸੇ, ਅਨਤਥਪਦਸੰਹਿਤਾ।
ਏਕੰ ਧੱਮਪਦੰ ਸੋੱ ਯੇ ਯੰ ਸੁਤਵਾ ਉਪਸੱਮੱਤਿ॥102॥

102. ਜਿਹੜਾ ਬੋਲੀ ਰਾਹੀਂ ਬੋਲੇ ਕੋਝੇ ਭੈੜੇ ਵਾਕ।
ਆਪਣੀ ਤਾਕਤ ਤੇ ਸਮੇਂ ਨੂੰ ਵਿਚ ਮਿਲਾਵੇ ਖ਼ਾਕ।
ਧਰਮ ਬਾਬਤ ਇੱਕੋ ਗੱਲ ਵੀ ਸਚਮੁਚ ਹੈ ਗੁਣਕਾਰੀ।
ਕਿਉਂ ਜੋ ਉਸ ਨੂੰ ਸੁਣ ਕੇ ਹੋਵਣ ਹਿਰਦੇ ਸ਼ਾਂਤ ਤੇ ਪਾਕ।

ਯੇ ਸਹੱਸੰ ਸਹੱਸੇਨ, ਸੰਗਾਮੇ ਮਾਨੁਸੇ ਜਿਨੇ।
ਏਕੰ ਚ ਜੋੱ ਯੰ ਅੱਤਾਨੰ, ਸ ਵੇ ਸੰਗਾਮਜੁੱਤਮੋ॥103॥

103. ਆਪੇ ਵਾਲਾ ਜੇਤੂ ਹੋਵੇ ਉਸ ਜਨ ਦਾ ਸਰਦਾਰ।
ਜਿਹੜਾ ਜਿੱਤੇ ਦੁਸ਼ਮਨ ਤਾਈਂ ਜੰਗ ਵਿਚ ਸੌ ਸੌ ਵਾਰ।

ਅਸਲੀ ਜੇਤੂ ਜਗ ਵਿਚ ਹੈਵੇ ਆਪੇ ਵਾਲਾ ਜੇਤੂ
ਦੂਜਿਆਂ ਤਾਈਂ ਜਿੱਤਣ ਵਾਲਾ ਓੜਕ ਹੋਏ ਖ਼ੁਆਰ॥
ਅੱਤਾ ਹਵੇ ਜਿਤੰ ਸੇੱ ਯੋ, ਯਾ ਚਾਯੰ ਇਤਰਾ ਪਜਾ।
ਅੱਤਦੰਤੱਸ ਪੋਸੱਸ, ਨਿੱਚੰ, ਸੱਵਤਚਾਰਿਨੋ ॥104॥
ਨੇਵ ਦੇਵੋ ਨ ਗੰਧੱਬੋ, ਨ ਮਾਰੋ ਸਹ ਬ੍ਰਹਮੁਨਾ।
ਜਿਤੰ ਅਪਜਿੰਤੰ ਕਇਰਾ ਤਥਾਰੂਪੱਜ ਜੰਤੁਨੋ ॥105॥
104,105 ਸਾਰੀ ਦੁਨੀਆ ਜਿੱਤਣ ਨਾਲੋਂ ਮਨ ਜਿੱਤਣਾ ਹੈ ਚੰਗਾ,
ਮਨ ਦਾ ਜੇਤੂ ਸੰਜਮ ਪਾਂਦੈ ਜਗ ਦੇ ਵਿਚ ਇਕ ਰੰਗਾ।
ਕਾਮਦੇਵ, ਗੰਧਰਬ, ਬ੍ਰਹਮਾ ਮੌਤ ਨਾ ਰਖਦੇ ਬਲ।
ਮਨ-ਜੇਤੂ ਦੀ ਜਿਤ ਨੂੰ ਉਹ ਕਰ ਸਕਣ ਨਿਸ਼ਫ਼ਲ॥
ਮਾਸੇ ਮਾਸੇ ਸੱਹਸੇਨ, ਯੋ ਯਜੇਥ ਸਤੰ ਸਮ।
ਏਕੰ ਚ ਭਾਵਿਤੱਤਾਨੰ, ਮੁਹੁੱਤਮਪਿ ਪੂਜਯੇ।
ਸਾਯੇਵ ਪੂਜਨਾ ਸੇੱ ਯੇ ਯੰ ਚੇ ਵੱਸਸਤੰ ਹੁਤੰ॥ 106॥
106. ਸੌ ਵਰ੍ਹਿਆਂ ਦੇ ਯੱਗਾਂ ਨਾਲੋਂ ਜਿਹੜੇ ਕਰੀਏ ਨਾਲ ਖ਼ੁਦੀ।
ਸੌ ਵਰ੍ਹਿਆਂ ਦੀ ਦੱਖਣਾ ਨਾਲੋਂ ਜਿਹੜੀ ਦੇਈਏ ਹਉਂ ਭਰੀ।
ਸੌ ਵਰ੍ਹਿਆਂ ਦੀ ਸਿੱਖਿਆ ਨਾਲੋ ਜਿਹੜੀ ਹੋਵੇ ਹਉਮੈ ਵਾਲੀ।
ਖਿੰਨ ਭਰ ਦੀ ਉਹ ਸੇਵ ਹੈ ਉਤੱਮ ਜਿਹੜੀ ਕਰੀਏ ਸੰਤਾਂ ਦੀ॥
ਯੋ ਚ ਵੱਸਸਤੰ ਜੰਤੁ ਅੱਗੰ ਪਰਿਚਰੇ ਵਨੇ।
ਏਕੰ ਚ ਭਾਵਿੱਤਤਾਨੰ, ਮੁਹੁੱਤਮਪਿ ਪੂਜਯੇ।
ਸਾਯੇਵ ਪੂਜਨਾ ਸੇੱ ਯੋ ਯੰ ਚੇ ਵੱਸਸਤ ਹੁਤੰ॥ 107॥
107. ਸੌ ਵਰ੍ਹਿਆਂ ਤਕ ਜੰਗਲਾਂ ਅੰਦਰ, ਜੇਕਰ ਕਰੀਏ ਅੱਗ ਪੂਜਾ,
ਸੌ ਵਰ੍ਹਿਆਂ ਤੱਕ ਜੰਗਲਾਂ ਅੰਦਰ, ਜੇਕਰ ਰਹੀਏ ਧੂੜ ਰਮਾ।
ਉਸ ਨਾਲੋਂ ਤਾਂ ਖਿਨ ਭਰਵਾਲੀ, ਸਚੀਮੁਚੀ ਉਹ ਸੇਵਾ।
ਚੰਗੀ ਹੈ ਜੋ ਸਤਪੁਰਖਾਂ ਦੀ ਕਰੀਏ ਆਪਣੀ ਖ਼ੁਦੀ ਮਿਟਾ॥
ਯੰ ਕਿੰਚਿ ਯਿਟਨੰ ਚ ਹੁਤੰ ਚ ਲੋ ਕੇ, ਸੰਵਚਛਰੰ ਯਜੇਥ ਪੁੱਞਪੇਕਖੋ।
ਸੱਬੰ ਪਿ ਤੰ ਨ ਚਤੁਭਾਗਮੇਤਿ, ਅਭਿਵਾਦਨਾ ਉੱਜੁਗਤੇਸੁ ਸੇੱ ਯੋ। 108।
108. ਸੌ ਵਰ੍ਹਿਆਂ ਤਕ ਯਗ ਹੋਮ ਦੀ ਨਾਲ ਖ਼ੁਦੀ ਜੋ ਕਰੀਏ ਕਾਰ।
ਸੰਤਾਂ ਦੀ ਖਿਨ ਮਾਤਰ ਸੇਵਾ ਨਾਲੋਂ ਉਸ ਦਾ ਜਗ ਵਿਚਕਾਰ।
ਚੌਥਾ ਹਿੱਸਾ ਫ਼ਲ ਨਾ ਮਿਲੇ, ਇਹ ਗੱਲ ਸੱਚੀ ਲਓ ਵਿਚਾਰ।
ਸੰਤ ਸਭਾ ਦੀ ਸੇਵਾ ਜਗ ਵਿਚ ਸਚਮੁਚ ਹੋਵੇ ਜੀਵਨ ਸਾਰ॥

ਅਭਿਵਾਦਨਸੀ ਲਿੱਸ, ਨਿੱਚੰ ਵੁਡਢਾਪਚਾਇਨੋ।
ਚੱਤਾਰੋ ਧੰਮਾ ਵਡਢੰਤਿ, ਆਯੁ ਵੱਨੋ ਸੁਖੰ ਬਲੰ॥ 109॥

109. ਸਤਪੁਰਖਾਂ ਦੀ ਟਹਿਲ ਜੋ ਕਰਨ ਸੁੱਚੇ ਹਿਰਦੇ ਨਾਲ।
ਸ਼ਰਧਾ ਨਾਲ ਜੋ ਬਜ਼ੁਰਗਾਂ ਦੀ ਕਰਨ ਸੁਰਤ ਸੰਭਾਲ।
ਆਯੂ ਲੰਮੀ, ਸੁਖ ਸੁੰਦਰਤਾ ਬਲ ਨੂੰ ਪਾਕੇ ਜਗ ਵਿਚ।
ਨਾਲ ਤਰੱਕੀ ਖੁਦ ਦੀ ਕਰਨ ਆਪੇ ਆਪ ਨਿਹਾਲ॥
ਯੋ ਚ ਵੱਸਸਤੱ ਜੀਵੇ, ਦੁੱਸੀਲੋ ਅਸਮਾਹਿਤੋ।
ਏਕਾਹੰ ਜੀਵਿਤੰ ਸੇੱ ਯੇ ਸੀਲਵੰਤੱਸ ਝਾਇਨੋ ॥110॥

110. ਸੌ ਵਰ੍ਹਿਆਂ ਦੇ ਜੀਵਨ ਨਾਲੋਂ ਜਿਹੜਾ ਜਗ ਵਿਚ ਕਾਰ
ਭੋਗਾਂ ਵਿਚ ਬਿਤਾਇਆ ਜਾਵੇ ਨਾਲੇ ਦੁਰਾਚਾਰ।
ਉਤਮ ਅਤੇ ਸੁਖਦਾਈ ਹੈ ਇਕ ਦਿਨ ਦਾ ਉਹ ਜੀਣਾ।
ਜਿਹੜਾ ਜੀਵਿਆ ਜਾਵੇ ਨਾਲੇ, ਧਿਆਨ ਮਈ ਆਚਾਰ॥
ਯੋ ਚ ਵੱਸਸਤੰ ਜੀਵੇ, ਦੁੱਪਵੋ ਅਸਮਾਹਿਤੋ।
ਏਕਾਹੰ ਜੀਵਿਤੰ ਸੇੱ ਯੋ ਪੱਵੰਤੱਸ ਝਾਇਨੋ॥111॥

111. ਸੌ ਵਰ੍ਹਿਆਂ ਦੇ ਜੀਵਨ ਨਾਲੋਂ ਜਿਹੜਾ ਹੈ ਬੇ-ਸੰਜਮ
ਅਤੇ ਜਿਸ ਵਿਚ ਹੋਇਆ ਨਾਹੀਂ ਕੋਈ ਦੈਵੀ ਕੰਮ।
ਗਿਆਨ ਦੇ ਨਾਲ ਬਿਤਾਇਆ ਹੋਇਆ ਕੇਵਲ ਇੱਕੋ ਦਿਹਾੜਾ।
ਸੱਚੀਂ ਮੁੱਚੀਂ ਸਹਸ-ਗੁਣਾ ਹੈ ਲਾਭਵਾਨ ਤੇ ਉੱਤਮ॥
ਯੋ ਚ ਵੱਸਸਤੰ ਜੀਵੇ, ਕੁਸੀਤੋ ਹੀਨਵੀਰਿਯੋ।
ਏਕਾਹੰ ਜੀਵਿਤੰ ਸੇੱ ਯੋ ਵਿਰਿਅਮਾਰਭਤੋ ਦਣਹੰ ॥112॥

112. ਜਤ ਹੀਨ ਤੇ ਗਫ਼ਲਤ ਵਾਲਾ ਜੀਵਨ ਹੈ ਬੇਕਾਰ।
ਸੌ ਵਰ੍ਹਿਆਂ ਤਕ ਜੀਵਿਆ ਜਾਵੇ ਭਾਵੇਂ ਉਹ ਇਕ ਸਾਰ।
ਜਤ ਧੀਰਜ ਤੇ ਜਪ ਤਪ ਵਾਲਾ, ਜੀਵਨ ਹੈ ਸਦ ਜੀਵਨ।
ਕਿਉਂਜੋ ਉਸ ਵਿਚ ਫਲਦਾ ਫੁੱਲਦੈ ਸੰਜਮ ਭਰਾ ਆਚਾਰ॥
ਯੋ ਚ ਵੱਸਸਤੰ ਜੀਵੇ ਅੱਪਸੰ ਉਦਯੱਬਯੰ।
ਏਕਾਹੰ ਜੀਵਿਤੰ ਸੇੱ ਯੋ ਪਸੱਤੋ ਉਦਯੱਬਯੰ॥13॥

113. ਜਗ ਦੇ ਮੁਢ ਤੇ ਛੇਕੜ ਤਾਈਂ ਜੋ ਹੈ ਪਾਰ ਬ੍ਰਹਮ
ਬੇ-ਜਾਣੇ ਜੀਣਾ ਸੌ ਵਰ੍ਹਿਆਂ ਤਕ ਹੈ ਭੈੜਾ ਕੰਮ।
ਪਾਰਬ੍ਰਹਮ ਨੂੰ ਜਾਣ ਕੇ ਐਪਰ ਇਕ ਦਿਨ ਜੀਵਨ ਜੀਣਾ।
ਸਹਿਜ ਸੁਭਾਵਕ ਪਾਣਾ ਹੈਵੇ ਫਲਦਾਇਕ ਪਦ ਉੱਤਮ॥

ਯੋ ਚ ਵੱਸਸਤੰ ਜੀਵੇ ਅਪੱਸੰ ਅਮਤੰ ਪਦੰ
ਏਕਾਹੰ ਜੀਵਿਤੰ ਸੇੱ ਯੋ ਪੱਸਤੋ ਅਮਤੰ ਪਦੰ॥114॥

114. ਮੁਕਤੀ ਬਾਝੋਂ ਸੈ ਵਰ੍ਹਿਆਂ ਦਾ ਜੀਣਾ ਹੈ ਬੇਕਾਰ।
ਮੁਕਤੀ ਪਾਕੇ ਇਕ ਦਿਨ ਜੀਣਾ ਹੈਵੇ ਉੱਤਮ ਕਾਰ।
ਵਿਚ ਗੁਲਾਮੀ ਜੀਵਣ ਦਾ ਦਿਵ-ਰਸ ਨਾ ਕਦੇ ਮਿਲੇ।
ਆਜ਼ਾਦੀ ਹੀ ਦੇ ਸਕਦੀ ਹੈ ਜੀਵਨ ਮਈ ਬਹਾਰ।

ਯੋ ਚ ਵਸੱਸਤੰ ਜੀਵੇ ਅਪੱਸੰ ਧੱਮਮੁੱਤਮੰ।
ਏਕਾਹੰ ਜੀਵਿਤੇ ਸੇੱ ਯੋ, ਪਸੱਤੋ ਧੱਮਮੁੱਤਮੰ॥115॥

115. ਧਰਮ ਤੋਂ ਵੰਚਿਤ ਹੋ ਕੇ ਜੀਣਾ, ਸੌ ਸਾਲਾਂ ਤਕ ਹੈ ਬੇਫਲ।
ਧਰਮ ਨੂੰ ਜਾਣ ਕੇ ਇਕ ਦਿਨ ਜੀਣਾ ਹੈ ਦਿੱਵ ਕੰਮ ਅੱਟਲ
ਕੇਵਲ ਧਰਮ ਹੀ ਕਰ ਸਕਦਾ ਹੈ ਜੀਵਨ ਦਾ ਕਲਿਆਨ।
ਧਰਮ ਦੇ ਬਾਝੋਂ ਜੀਵਨ ਜਾਂਦੈਂ ਵਿਸ਼ਿਆਂ ਅੰਦਰ ਗਲ॥

ਨੌਵਾਂ ਵੱਗ

ਪਾਪ ਵੱਗੋ (ਪਾਪ ਵਰਗ)

ਅਭਿਤਥਰੇਥ ਕਲਿਆਣੇ, ਪਾਪਾ ਚਿੱਤੰ ਨਿਵਾਰਯੇ।
ਦੰਧੰ ਹਿ ਕਰੇਤੋ ਪੁੰਵੰ ਪਾਪਸ੍ਸਿੰ ਰਮਤੀ ਮਨੋ॥ 116॥
ਪਾਪੰ ਚੇ ਪੁਰਿਸੋ ਕਾਇਰ, ਨ ਨੰ ਕਇਰਾ ਪੁੱਨਪੁਨੰ।
ਨ ਤੰ ਹਿ ਛੰਦੰ ਕਇਰਾਥ, ਦੁਕਖੋ ਪਾਪੱਸ ਉੱਚਯੋ॥ 117॥

116- ਪੁੰਨ ਦੀ ਖ਼ਾਤਿਰ ਜਨ ਨੂੰ ਚਾਹੀਏ, ਫੁਰਤੀ ਤੇਜ਼ੀ ਕਰਨਾ,
117 ਪੁੰਨ ਦੀ ਖ਼ਾਤਿਰ ਢਿੱਲ ਕਰਦੇ ਜੋ ਉਸ ਨੂੰ ਪਾਪ ਹੀ ਵਰਨਾ ”
ਪਾਪ ਨੂੰ ਖੁੱਲ੍ਹਾ ਡੁੱਲ੍ਹਾ ਕਰਨਾ, ਵਧਾਂਦੇ ਵਿਭਚਾਰ,
ਪਾਪ ਦਾ ਕੱਠਾ ਕਰਨਾ ਹੈਵੇ, ਮਨ ਵਿਚ ਦੁੱਖ ਨੂੰ ਭਰਨਾ ”
ਪੁੱਵੰ ਚੇ ਪੁਰਿਸੋ ਕਇਰਾ, ਕਇਰਾ ਨੰ ਪੁੰਨਪੁੰਨੰ।
ਤੰ ਹਿ ਛੰਦੰ ਕਇਰਾਥ, ਸੁਖੋ ਪੁੱਵੱਸ ਉੱਚਯੋ॥118॥

118- ਫਿਰ ਫਿਰ ਪੁੰਨ ਦੇ ਕਾਰਜ ਕਰਨਾ, ਮਨ ਨੂੰ ਰੱਖਣਾ ਖੁੱਲ੍ਹਾ।
ਜੀਵਨ ਅੰਦਰ ਉਤਪੰਨ ਕਰਦੈ ਦੈਵੀ ਸੁਖ ਅਮੁਲਾ।
ਫਿਰ ਫਿਰ ਪੁੰਨ ਨੂੰ ਕੱਠਾ ਕਰਨਾ ਉੱਦਮ ਸ਼ਰਧਾ ਨਾਲ,
ਜੀਵਨ ਤਾਈਂ ਸੁਚਮੁਚ ਕਰਦੈ, ਸਹਿਜੇ ਖੁੱਲ੍ਹਾ ਡੁੱਲ੍ਹਾ।
ਪਾਪੋ ਪਿ ਪੱਸਤਿ ਭਦ੍ਰੰ, ਯਾਵ ਪਾਪੰ ਨ ਪੱਚਤਿ।
ਯਦਾ ਚ ਪੱਚਤਿ ਪਾਪੰ, ਅਥ ਪਾਪੋ ਪਾਪਾਨਿ ਪੰਸਤਿ॥ 119॥

119- ਜਦ ਤਕ ਪਾਪ ਨਾ ਪੱਕੇ, ਪਾਪੀ, ਪਾਪ ਨੂੰ ਸਮਝੇ ਸੁਖ
ਪਾਪ ਪੱਕੇ ਤਾਂ ਉਸ ਵਿਚ ਉਸ ਨੂੰ ਨਜ਼ਰ ਆਵੇ ਦੁੱਖ।
ਪਾਪ ਵਧਾਏ ਜੀਵਨ ਅੰਦਰ ਤ੍ਰਿਸ਼ਨਾ ਵਿਸ਼ਿਆਂ ਵਾਲੀ।
ਕੇਵਲ ਪੁੰਨ ਹੀ ਤ੍ਰਿਪਤ ਕਰਦੈ ਜੀਵਨ ਵਾਲੀ ਭੁੱਖ ”
ਭਦ੍ਰੋ ਪਿ ਪੱਸਤਿ ਪਾਪੰ, ਯਾਵ ਭਦ੍ਰ ਨ ਪੱਚਤਿ।
ਯਦਾ ਚ ਪੱਚਤਿ ਭਦ੍ਰੰ ਅਥ ਭਦ੍ਰੰ ਭਦ੍ਰਾਨਿ ਪੱਸਤਿ॥ 120॥

120- ਜਦ ਤਕ ਪੁੰਨ ਨਾ ਪੱਕੇ ਧਰਮੀ ਇਸ ਨੂੰ ਸਮਝੇ ਦੁੱਖ,
ਪੁੰਨ ਪੱਕੇ ਤਾਂ ਉਹ ਮਹਿਸੂਸੇ ਇਹ ਹੈ ਖ਼ਾਲਿਸ ਸੁੱਖ।
ਪਾਪ ਲੈ ਆਵਣ ਨਰਕਾਂ ਤਾਈਂ ਓੜਕ ਸਿੱਟੇ ਵਜੋਂ।
ਪੁੰਨ ਲੈ ਆਵਣ ਸੁਰਗਾਂ ਤਾਈਂ ਲਾਹਵਣ ਜੀਵਨ ਭੁੱਖ॥
ਮਾਪੱਮੱਞਿ ਪਾਪੱਸ ਨ ਮੰਤੰ ਆਗਮਿੱਸਤਿ।
ਉਦਬਿੰਦੁਨਿਪਾਤੇਨ, ਉਦਕੁੰਭੋ ਪਿ ਪੂਰਤਿ।
ਬਾਲੋ ਪੂਰਤਿ ਪਾਪੱਸ, ਥੋਕਥੋਕੰਪਿਆਚਿਨੰ॥ 121॥

121- ਪਾਪਾਂ ਵੱਲ ਤਾਂ ਰੱਖਣਾ ਉਚਿਤ ਹੈ ਵਤੀਰਾ ਖਰਾ।
ਕਿਉਂਕਿ ਇਹ ਤਾਂ ਕਰਨਾ ਲੋੜਨ ਨਿਤ ਬੰਦੇ ਸਿਉਂ ਬੁਰਾ।
ਜਲ ਦੇ ਤੁਪਕੇ ਤੁਪਕੇ ਨਾਲ ਭਰੰ ਜਾਂਦਾ ਹੈ ਘੜਾ।
ਥੋੜੇ ਥੋੜੇ ਪਾਪਾਂ ਸਿਉਂ ਇਉਂ ਜਾਂਦੈ ਜੀਵਨ ਭਰਾ॥
ਮਾੱਪਮੱਞਿ ਪੁੱਞੱਸ, ਨ ਮੰਤੰ ਆਗਮਿੱਸਤਿ।
ਉਦਬਿੰਦੁਨਿਪਾਤੇਨ, ਉਦਕੁੰਭੋ ਪਿ ਪੂਰਤਿ।
ਧੀਰੋ ਪੂਰਤਿ ਪੁੱਞੱਸ, ਥੋਕਥੋਕੰ ਪਿ ਆਚਿੰਨੰ॥ 122॥

122- ਪੁੰਨਾਂ ਵੱਲ ਤਾਂ ਰੱਖਣਾ ਉਚਿਤ, ਹੈ ਵਤੀਰਾ ਖਰਾ।
ਕਿਉਂ ਜੋ ਇਹ ਚਾਹਵਣ ਕਿ ਜਨ ਤੇ ਰਹੇ ਸਦਾ ਸੁੱਖ ਧਰਾ।
ਜਲ ਦੇ ਤੁਪਕਿਆਂ ਨਾਲ ਜੀਕਣ ਭਰ ਜਾਂਦਾ ਹੈ ਘੜਾ।
ਥੋੜੇ ਥੋੜੇ ਪੁੰਨਾਂ ਸਿਉਂ ਇਉਂ ਜਾਂਦੈ ਜੀਵਨ ਭਰਾ॥
ਵਾਣਿਜੋ ਵ ਭਯੰ ਮੱਗੰ, ਅੱਪਸਤਥੋ ਮਹਦਨੋ।
ਵਿਸੰ ਜੀਵਿਤੁਕਾਮੋ ਵ, ਪਾਪਨਿ ਪਰਿਵੱਜਯੇ॥ 123॥

123- ਬਿਉਪਾਰੀ ਜਿਉਂ ਕਮ ਧਨ ਵਾਲਾ ਬਿਖਮ ਮਾਰਗ ਛੱਡੇ।
ਅਤੇ ਨਜ਼ਰਾਂ ਬਹੁਤ ਧਨ ਦੇ ਮਾਰਗ ਉਪਰ ਗੱਡੇ।
ਈਕਣ ਸਚ-ਅਭਿਲਾਸ਼ੀ ਤਜੇ ਕੂੜੇ ਮਾਰਗ ਤਾਈਂ।
ਉਹ ਤਾਂ ਤੱਤ ਵਿਰੋਲ ਕੇ ਉਸ ਚੋਂ ਧਿਆਨ ਦਾ ਅੰਮ੍ਰਿਤ ਕੱਢੇ॥
ਪਾਣਿੰ ਹਿ ਚੇ ਵਣੋ ਨੱਸ, ਹਰੇੱ ਯਪਾਣਿਨਾ ਵਿਸੰ।
ਨਾੱਬਣੰ ਵਿਸੰ ਅਨਵੇਤਿਨਤਥਿ ਪਾਪੰ ਅਕੁੱਬਤਾ॥ 124॥

124- ਬੇਝਿਜਕੇ ਬੇਜ਼ਖਮਾਂ ਹੱਥ ਚੁੱਕ ਸਕਦਾ ਹੈ ਜ਼ਹਿਰ ਨੂੰ।
ਜ਼ਹਿਰ ਨਾ ਅਸਰ ਕਰਦੀ ਹੈਵੇ ਬੇਜ਼ਖਮੇ ਹੱਥਾਂ ਨੂੰ।
ਈਕਣ ਪਾਪ ਰਹਿਤ ਜਨ ਨੂੰ, ਪਾਪ ਨਾ ਸਕੇ ਛੋਹ।
ਜਗ ਦੇ ਦੁ ਤੱਰ ਸਾਗਰ ਤੋਂ ਤਰ ਜਾਂਦੈ ਸਹਿਜੇ ਉਹ॥
ਯੋ ਅੱਪਦੁਟਠਸ ਨੱਰਸ ਦੂੱਸਤਿ। ਸੁਦਧੱਸ ਪੋਸੱਸ ਅਨੰਗਣੱਸ।
ਤਮੇਵ ਬਾਲੰ ਪੱਚੇਤਿ ਪਾਪੰ। ਸੁਖਮੋ ਰਾਜੋ ਪਟਿਵਾਤੰ ਵ ਖਿੱਤੋ॥ 125॥

125- ਜਿਹੜਾ ਮੂਰਖ ਸੰਤਾਂ ਵਾਲਾ ਕਰਦਾ ਹੈ ਤ੍ਰਿਸਕਾਰ।
ਅਤੇ ਰਹਿੰਦੈ ਵਿਸ਼ੇ ਭੋਗ ਲਈ ਹਰਦਮ ਹੀ ਤਿਆਰ।
ਪਾਪ ਉਸ ਨੂੰ ਸਹਿਜੇ ਦੇਵਣ ਇੰਜ ਕਰਮਾਂ ਦੀ ਮਾਰ।
ਵਾਯੂ ਉਲਟ ਸੁੱਟੀ ਜੀਕਣ ਮੂੰਹ ਤੇ ਪੈਵੇ ਛਾਰ॥
ਗਬਭਮੇਕੇ ਉਪੱਜੰਤਿ, ਨਿਰਯੰ ਪਾਪੱਕਮਿਨੋ।
ਸੱਗੰ ਸੁਗਤਿਨੋ ਯੰਤਿ, ਪਰਿਨਿਬੰਤਿ ਅਨਾਸਵਾ॥ 126॥

126- ਪਾਪੀ ਆਵਾਗਵਣ ਨੂੰ ਭੋਗਣ ਉਹ ਤਾਂ ਨਰਕ 'ਚ ਜਾਣ॥
ਪੁੰਨੀ ਬਨਣ ਸੁਅਰਥੀ ਅਤੇ ਮੁਕਤਿ-ਪਦਾਰਥ ਪਾਣ।
ਪਾਪੀ ਰਹਿਵਣ ਧਰਮ ਤੋਂ ਵਾਂਝੇ ਅਤੇ ਸੱਚ ਤੋਂ ਊਣੇ।
ਪੁੰਨੀ ਰੱਬ ਨੂੰ ਪਾਣ ਅਤੇ ਦਿੱਵ-ਧਰਮੀ ਕਹਿਲਾਣ॥
ਨ ਅੰਤਲਿਕਖੇ ਨ ਸਮੁੱਦਮਜਝੇ, ਨ ਪੱਬਤਾਨੰ ਵਿਵਰੰ ਪਵਿੱਸ।
ਨ ਵਿੱਜਤੀ ਸੋ ਜਗਤਿੱਪਦੇਸਾ। ਯਤਥਟਠਿਤੋ ਮੁੱਚੇੱਯ ਪਾਪਕੱਮਾ॥ 127॥

127- ਵਿਚ ਅਕਾਸ਼ ਤੇ ਸਾਗਰ ਅੰਦਰ ਵਿਚ ਪਰਬਤ ਦੀਆਂ ਗਾਰਾਂ।
ਵਿਚ ਉਜਾੜਾਂ ਤੇ ਸਹਿਰਾਵਾਂ ਵਿਚ ਬੇਲਿਆਂ ਬਾਰਾਂ।
ਜਗ ਦੇ ਅੰਦਰ ਹਰਗਿਜ਼ ਨਾਹੀਂ ਕੋਈ ਅਜਿਹੀ ਥਾਂ।
ਜਿੱਥੇ ਪਾਪੀ ਖਾ ਨਾ ਸਕਣ ਨਿੱਜ ਪਾਪਾਂ ਲਈ ਮਾਰਾਂ॥
ਨ ਅੰਤਲਿਕਖੇ, ਨ ਸਮੁੱਦਮਜਝੇ, ਨ ਪੱਬਤਾਨੰ ਵਿਵਰੰ ਪਵਿੱਸ।
ਨ ਵਿੱਜਤਿ ਸੋ ਜਗਤਿਪਦੇਸੋ, ਯਤਥਟਠਿਤੰ ਨੱਪਸਹੇ ਯਮੱਚੁ॥ 128॥

128- ਇਹ ਅਕਾਸ਼ ਸਮੁੰਦਰਾਂ ਅੰਦਰ ਵਿਚ ਪਰਬਤ ਦੀਆਂ ਗਾਰਾਂ।
ਵਿਚ ਉਜਾੜਾਂ ਤੇ ਸਹਿਰਾਵਾਂ ਵਿਚ ਬੇਲਿਆਂ ਬਾਰਾਂ।
ਜਗ ਦੇ ਅੰਦਰ ਹਰਗਿਜ਼ ਨਾਹੀਂ ਕੋਈ ਅਜਿਹੀ ਥਾਂ।
ਜਿੱਥੇ ਮੌਤ ਤੋਂ ਛੁੱਟਣ ਲੋਕੀ ਪੀਕੇ ਅੰਮ੍ਰਿਤ ਧਾਰਾ॥

ਦਸਵਾਂ ਵੱਗ

ਦੰਡ ਵੱਗੋ (ਦੰਡ ਵਰਗ)

ਸੱਬੇ ਤਸੰਤਿ ਦੰਡੱਸ, ਸੱਬੇ ਭਾਯੰਤਿ ਮੱਚੁਨੋ।
ਅੱਤਾਨੰ ਉਪਮਂ ਕਤਵਾ, ਨ ਹਨੇੱ ਯ ਨ ਘਾਤਯੇ॥ 129॥

129- ਡੰਡ ਨਾਲੋਂ ਸਾਰੇ ਭਰਨ ਮੌਤ ਤੋਂ ਖਾਵਣ ਸਾਰੇ ਭੈ।
ਕੇਵਲ ਇੱਕੋ ਪਰਮੇਸ਼ਰ ਹੈ ਜਿਹੜਾ ਹੈਵੇ ਸਦ ਨਿਰਭੈ।
ਇਸ ਲਈ ਕਿਸੇ ਨੂੰ ਨਾ ਮਾਰੇ ਨਾ ਕਿਸੇ ਤੋਂ ਖਾਵੇ ਮਾਰ।
ਜਿਹੜਾ ਸਭਨਾਂ ਤਾਈਂ ਦੇਖੇ ਸੱਚੀਂ ਮੁਚੀਂ ਆਤਮ ਮਯ॥

ਸੱਬੇ ਤਸੰਤਿ ਦੰਡੱਸ, ਸੱਬੇਸੰ ਜੀਵਿਤੰ ਪਿਯੰ।
ਅੱਤਾਨੰ ਉਪਮਂ ਕਤਵਾ, ਨ ਹਨੇੱਯ ਨ ਘਾਤਯੇ॥ 130॥

130- ਸਜ਼ਾ ਨਾਲੇ ਡਰਨ ਸਾਰੇ, ਜੀਵਨ ਨੂੰ ਕਰਨ ਸਾਰੇ ਪਿਆਰ।
ਇਸ ਲਈ ਸਦਾ ਪ੍ਰੇਮੀ ਬਨਣ, ਰੱਬ ਸੱਚੇ ਦੇ ਸੱਚੇ ਯਾਰ॥
ਦੂਜਿਆਂ ਅੰਦਰ ਦੇਖ ਕੇ ਆਪਾ, ਪ੍ਰੇਮੀ ਜਨ ਤਾਂ ਜਗ ਵਿਚਕਾਰ।
ਸਭਨਾਂ ਨਾਲ ਪਿਆਰ ਪਾਵਣ, ਲੱਭਣ ਜੀਵਨ ਵਾਲਾ ਸਾਰ॥

ਸੁਖਕਾਮਾਨਿ ਭੂਤਾਨਿ, ਯੋ ਦੰਡੇਨ ਵਿਹਿੰਸਤਿ।
ਅੱਤਨੋ ਸੁਖਮੇਸਾਨੋ, ਪੇੱਚ ਨ ਲਭਤੇ ਸੁਖੰ। 131।
ਸੁਖਕਾਮਾਨਿ ਭੂਤਾਨਿ, ਯੋ ਦੰਡੇਨ ਨਾ ਹਿੰਸਤਿ।
ਅੱਤਨੋ ਸੁਖ ਮੇਸਾਨੋ, ਪ੍ਰੇੱਚ ਸੋ ਲਭਤੇ ਸੁਖੰ॥ 132॥

131+132 ਆਪਣੇ ਸੁਖ ਦੀ ਖਾਤਰ ਜਿਹੜਾ ਦੂਜਿਆਂ ਤਾਈਂ ਦੇਵੇ ਦੁੱਖ।
ਮਰਨ ਤੋਂ ਪਿੱਛੋਂ ਕਿਸੇ ਲੋਕ ਵਿਚ ਉਹ ਨਾ ਹਰਗਿਜ਼ ਪਾਵੇ ਸੁਖ।
ਆਪਣਾ ਭਲਾ ਮੰਗਦਾ ਹੋਇਆ ਜੋ ਦੂਜਿਆਂ ਨੂੰ ਦੇਵੇ ਸੁਖ।
ਹਲਤ ਪਲਤ ਦੇ ਅੰਦਰ ਸਚੀਂ ਖੁਸ਼ੀ ਤਾਈਂ ਪਾਵੇ ਉਹ॥

ਮਾਵੋਚ ਫਰੁਸੰ ਕੰਚਿ, ਵੁੱਤਾ ਪਟਿਵਦੇਯੁੱ ਤੰ।
ਦੁਕਖਾ ਹਿ ਸਾਰੰਭਕਥਾ, ਪਟਿਦੰਡਾ ਫੁਸੇਯੁੱ ਤੰ॥ 133॥

133- ਕੌੜੇ ਵਚਨ ਬੋਲਣ ਜਿਹੜੇ ਕੌੜੇ ਵਾਕ ਉਚਾਰਨ।
ਆਪਣੇ ਦੁੱਖਾਂ ਦੇ ਬਣ ਜਾਵਣ ਆਪਣੇ ਆਪ ਹੀ ਕਾਰਨ।
ਹਿੰਸਾ ਵਾਲੀ ਬੋਲੀ ਲਾਵੇ ਹਿੰਸਾ ਦਾ ਪ੍ਰਤਿਫਲ।
ਪਿਆਰ ਦੀ ਬੋਲੀ ਬੋਲਣ ਵਾਲੇ ਜਗ ਦਾ ਦੁੱਖ ਨਿਵਾਰਨ॥
ਸਚੇ ਨੇਰੇਸਿ ਅੱਤਾਨੰ, ਕੰਸੋ ਉਪਹਤੋ ਯਥਾ।
ਏਸ ਪੱਤੋਸਿ ਨਿੱਬਾਨੰ, ਸਾਰੰਭੋ ਤੇ ਨ ਵਿੱਜਤਿ ॥ 134॥

134- ਟੁੱਟਾ ਹੋਇਆ ਕਾਸਾ ਜੀਕਣ ਸ਼ਾਂਤ ਹੋ ਜਾਏ ਆਪੇ।
ਨਿਹਕਾਮੀ ਜਨ ਈਕਣ ਸਹਿਜੇ ਮੁਕਤੀ ਨੂੰ ਸਿੰਝਾਪੇ।
ਜਨਮ ਮਰਨ ਤੋਂ ਛੁੱਟੀ ਪਾਵੇ ਕੇਵਲ ਉਹੀ ਜਨ,
ਰੱਬ ਨੂੰ ਜਿਹੜਾ ਦਿਲੋਂ ਮਨੋਂ ਆਪਣਾ ਕਰਤਾ ਥਾਪੇ॥
ਯਥਾ ਦੰਡੇਨ ਗੋਪਾਲੋ, ਗਾਵੇ ਪਾਜੇਂਤਿ ਗੋਚਰੰ।
ਏਵੰਡ ਜਰਾ ਚ ਮੁੱਚੁ ਚ, ਆਯੰ ਪਾਜੇਂਤਿ ਪਾਣਿਨੰ॥ 135॥

135- ਵਿਚ ਚਰਾਗਾਹ ਜੀਕਣ ਲਿਆਵੇ ਗਊਆਂ ਤਾਈਂ ਗੁਆਲਾ।
ਈਕਣ ਜ਼ਰਾ ਮੌਤ ਹਰਣ ਸਮਾਂ ਮਨੁੱਖਾਂ ਵਾਲਾ।
ਇਸ ਲਈ ਸਦਾ ਸੁਚੇਤ ਰਹਿਕੇ ਅੰਮ੍ਰਿਤ ਜੀਵਨ ਖਾਤਰ।
ਹਰੀਨਾਮ ਨੂੰ ਚਾਹੀਦਾ ਹੈ ਕਰਨਾ ਨਿਜ ਰਖਵਾਲਾ॥
ਯਥਾ ਪਾਪਨਿ ਕੱਮਾਨਿ, ਕਰੰਬਾਲੋ ਨਾ ਬੁਜਝੱਤਿ।
ਸੇਹਿ ਕੱਮੇਹਿ ਦੁੱਮੇਧੋ ਅੱਗਿਦਡਢੋ ਵ ਤੱਪਤਿ॥ 136॥

136- ਮੂਰਖ ਪਾਪ ਨੂੰ ਕਰਦਾ ਹੋਇਆ ਉਸ ਦਾ ਫ਼ਲ ਨਾ ਦੇਖੇ।
ਅਤੇ ਉਸ ਦੇ ਸਿੱਟੇ ਤਾਈਂ ਆਪਣੇ ਲਾਏ ਨਾ ਲੇਖੇ।
ਪਰ ਓੜਕ ਉਹ ਪਾਪ ਤੋਂ ਆਪਣੇ ਪਾਵੇ ਈਕਣ ਦੁੱਖ।
ਜੀਕਣ ਅੱਗ ਤੋਂ ਜਲਿਆ ਜਨ ਤਾਂ ਆਪਣੀ ਪੀਰ ਨੂੰ ਪੋਖੇ॥
ਯੋ ਦੰਡੇਨ ਅਦੰਡੇਸੁ, ਅੱਪਦੁਟਠੇਸੁ ਦੁੱਸਤਿ।
ਦਸੱਨਮੱਵਤਰੰ ਠਾਨੰ, ਖਿੱਪਮੇਵ ਨਿਗਚਛੱਤਿ॥ 137॥

137- ਬੇਕਸੂਰ ਬੰਦਿਆਂ ਨੂੰ ਜਿਹੜਾ ਡੰਨ ਸਿਉਂ ਦੁਖੀ ਕਰਦੈ।
ਦਹ ਥੱਜਰ ਪਾਪਾਂ ਦੀ ਆਪੈ ਸਹਿਜੇ ਹਾਮੀ ਭਰਦੈ।
ਜਿਹੜਾ ਬੇਗੁਨਾਹਾਂ ਉਪਰ ਵੱਜ ਗੱਜ ਜ਼ੁਲਮ ਕਮਾਂਦੈ।
ਉਹੀ ਆਪਣੇ ਪੈਰਾਂ ਤਾਈਂ ਵਿਚ ਨਰਕਾਂ ਦੇ ਧੱਰਦੈ॥
ਵੇਦਨੰ ਫਰੁਸੰ, ਜਾਨਿੰ ਸਰੀਰਸੱ ਚ ਭੇਦਨੰ।
ਗਰੁਕੰ ਵਾ ਪਿ ਆਬਾਧੰ, ਚਿੱਤਕਖੇਪੱਞ ਪਾਹੁਣੇ॥ 138॥

ਰਾਜਤੋ ਵਾ ਉਪਸੱਗੰ, ਅਬਤਕਖਾਨੰ ਚ ਦਾਰੁਣੰ।
ਪਰਿਕਖੰਚ ਵਾਤੀਨੰ, ਭੋਗਾਨੰ ਚ ਪਭੰਗੁਰੰ॥ 139॥
ਅਥੱਵਾੱਸ ਅਗਾਗਨਿ, ਅੱਗਿ ਡਹਤਿ ਪਾਵਕੋ।
ਕਾਯੱਸ ਭੇਦਾ ਦੁੱਪਞੋ, ਨਿਰਯੰ ਸੋਪਪੱਜਤਿ॥ 140॥

138+39+40 ਹਾਣ ਦਰਦ ਤੇ ਕੜੀ ਬੀਮਾਰੀ ਪਾਪੀ ਜਗ ਵਿਚ ਪਾਣ,
ਰਾਜਤੰਤ ਤੇ ਕੜੇ ਵਿਛੋੜੇ ਤਾਈਂ ਖੁਦ ਅਪਨਾਣ
ਮਿੱਤ ਮੌਤ ਜਾਂ ਧਨ ਨਾਸ਼ ਜਾਂ ਅੱਗ ਦੇ ਕਸ਼ਟ ਉਠਾਣ।
ਅਤੇ ਓੜਕ ਸਿੱਧੇ ਕੁੰਭੀਂ ਨਰਕਾਂ ਅੰਦਰ ਜਾਣ॥
ਨ ਨੱਗਚਰਿਆ ਨਾ ਜਟਾ ਨ ਪੰਕਾ। ਨਾਨਾਸਕਾ ਥੰਡਿਲਾਸਾਇਕਾ ਵਾ।
ਰਜੋਜੱਲੰ ਉੱ ਕੁਟਿਕੱਪਯਾਨੰ, ਸੋਧੇਂਤਿ ਮੱਚੰ ਅਵਿਤਿੱਣਕੰਖੰ॥ 141॥

141- ਜਿਸ ਨੇ ਆਪਨੀ ਤ੍ਰਿਸ਼ਨਾ ਤੇ ਨਹੀਂ ਪੂਰਾ ਕਾਬੂ ਪਾਇਆ।
ਚਾਲਾਕੀ ਸਿਉਂ ਜਿਸ ਨੇ ਹੈਵੇ ਖੋਟਾ ਵੇਸ ਵਟਾਇਆ।
ਉਸਨੂੰ ਜਟਾ, ਕਿਚੜ ਅਨਸ਼ਨ ਧਰ ਤੇ ਸੌਣਾ, ਭਸਮ।
ਨਾ ਸ਼ੁਧ ਕਰਨ ਉਸਨੇ ਤਾਂ ਹੈ ਬਿਰਥਾ ਜਨਮ ਗਵਾਇਆ॥
ਅਲੰਕਤੋ ਚੇ ਪਿ ਸਮੰ ਚਰੇੱ ਯ, ਸੰਤੋ ਦੰਤੋ ਨਿਯਤੋ ਬ੍ਰਹਮਚਾਰੀ।
ਸੱਬੇਸੁ ਭੂਤੇਸੁ ਨਿਧਾਯ ਦੰਡੰ, ਸੋ ਬ੍ਰਾਹਮਣੋ ਸੋ ਸਮਣੋ ਸ ਭਿਕਖੁ॥ 142॥

142- ਭੂਸ਼ਣ ਪਹਿਣੇ ਸਦਾਚਾਰ ਦੇ ਬੁਧਿ ਸਿਉਂ ਕਰੇ ਵਿਚਾਰ,
ਸ਼ਾਂਤ ਅਤੇ ਜਤਿੰਦਰ ਰਹਿਵੇ ਰੱਖੇ ਜਤ, ਸਤ ਧਾਰ।
ਅਤੇ ਕਿਸੇ ਮਨੁੱਖ ਨੂੰ ਜਗ ਵਿਚ ਕਦੇ ਦੁੱਖਾਵੇ ਨਾਹੀਂ।
ਉਹੀ ਬ੍ਰਾਹਮਣ, ਰਿਸ਼ੀ ਭਿਖ਼ਸ਼ੂ ਹੈਵੇ ਜਗ ਵਿਚਕਾਰ॥
ਹਿਰੀਨਿਸੇਧੋ ਪੁਰਿਸੋ, ਕੋਚਿ ਲੋਕਸਮਿ ਵਿਜੱਤਿ।
ਯੋ ਨਿੰਦੰ ਅਪਬੋਧੇਤਿ, ਅੱਸੋ ਭਦੋ ਕਸਾਮਿਵ॥ 143॥

143- ਦੂਜਿਆਂ ਦੀ ਨਿੰਦਾ ਦੀ ਹਰਗਿਜ਼ ਨਾ ਕਰੇ ਪਰਵਾਹ।
ਜਿਹੜਾ ਹੋਵੇ ਸਵੈ-ਸੁਆਮੀ ਅਤੇ ਆਤਮ-ਸ਼ਾਹ।
ਉਹ ਚਲੇ ਨਿੱਜ ਚਾਲ ਨਾਲ ਜਿਉਂ ਸਿਧਿਆ ਹੋਇਆ ਘੋੜਾ।
ਮਾੜਿਆਂ ਕੰਮਾਂ ਵਲ ਨਾ ਰੱਖੇ ਆਪਣੀ ਮੂਲ ਨਿਗਾਹ॥
ਅੱਸੋ ਯਥਾ ਭਦ੍ਰੋ ਕਸਾਨਿਵਿਟਠੋ। ਆਤਾਪਿਨੋ ਸੰਵੇਗਿਨੋ ਭਵਾਥ।
ਸਦਧਾਯ ਸੀਲੇਨ ਚ ਵੀਰਿਯੇਨ ਚ,

ਸਮਾਧਿਨਾ ਧੱਮਵਿਨਿਚਛਯੇਨ ਚ,
ਪਹੱਸਥ ਦੁਕਖੰ ਇਦੰ ਅਨੱਪਕੰ॥ 144॥

144- ਕੌੜੇ ਨਾਲੇ ਸਿਧਿਆ ਘੋੜਾ ਜੀਕਣ ਬਣਦੈ ਚੰਗਾ।
ਪਾਪ ਛੱਡ ਕੇ ਪੁੰਨ ਨੂੰ ਪਕੜੇ ਈਕਣ ਨਾਮ 'ਚ ਰੰਗਾ।
ਪ੍ਰੇਮ ਸ਼ਕਤੀ ਧਰੱਮ, ਨਿਸ਼ਚਾ ਅਤੇ ਸਦਾਚਾਰ।
ਜਨ ਦੇ ਜੀਵਨ ਨੂੰ ਕਰ ਦੇਵਣ ਪਤਿਤ ਪਾਵਨ ਗੰਗਾ॥

ਉਦਕੰ ਹਿ ਨਯੰਤਿ ਨੇੱਤਿਕਾ,
ਉਸੁਕਾਰਾ ਨਮਯੰਤਿ ਤੇਜਨੰ।
ਦਾਰੁੰ ਨਮਯੰਤਿ ਤੱਚਛਕਾ,
ਅੱਤਾਨੰ ਦਮਯੰਤਿ ਸੁੱਬਤਾ॥ 14॥

145- ਨਹਿਰ ਦਾ ਹਾਕਮ ਨਿੱਜ ਇੱਛਾ ਸਿਉਂ ਜਿਉਂ ਪਾਣੀ ਲੈ ਜਾਏ,
ਬਾਣ ਦਾ ਮਾਲਿਕ ਜੀਕਣ ਉਸ ਨੂੰ ਇੱਛਾ ਨਾਲ ਝੁਕਾਏ।
ਤਰਖਾਣ ਜਿਉਂ ਇੱਛਾ ਨਾਲੇ ਲਕੜੀ ਤਾਈਂ ਮੋੜੇ।
ਈਕਣ ਬੁਧੀਮਾਨ ਹਮੇਸ਼ਾ ਮਨ ਤੇ ਕਾਬੂ ਪਾਏ॥

ਗਿਆਰ੍ਹਵਾਂ ਵੱਗ

ਜਰਾਵੱਗੋ (ਜ਼ਰਾ ਵਰਗ)

ਕੋ ਨੁ ਹਾਸੋ ਕਿਮਾਨੰਦੋ, ਨਿੱਚੇ ਪੱਜਲਿਤੇ ਸਹਿ।
ਅੰਧਕਾਰੇਨ ਓਨਦਧਾ, ਪਦੀਪੰ ਨ ਗਵੇਸਥ॥ 146॥

146- ਚਾਰੇ ਪਾਸੇ ਜਦ ਕਿ ਲਗੀ ਅੱਗ ਹੈ ਪਾਪਾਂ ਵਾਲੀ।
ਲੋਕਾਂ ਤਾਈਂ ਫਬਦਾ ਨਾਹੀਂ ਭੋਗ-ਮਈ ਖੁਸ਼ਹਾਲੀ।
ਅੰਧਕਾਰ ਵਿਚ ਫਸਿਆਂ ਤਾਈਂ ਇੰਜ ਲੋੜੀਏ ਜੋਤ।
ਜਿਉਂ ਫੱਲਾ ਨੂੰ ਸੁਹਜ-ਮਈ ਰੱਖੇ ਚੰਗਾ ਮਾਲੀ॥

ਪੱਸ ਚਿਤਕਤੱ, ਬਿੰਬੰ, ਅਹੁਕਾਯੰ ਸਮੁੱਸਤੰ।
ਆਤੁਰੰ ਬਹੁਸੰਕੱਪੰ, ਯੱਸ ਨਤਥਿ ਧੁਵੰ ਨਿਤਿ॥ 147॥

147- ਖੋਜ ਲਗਾਓ ਆਪਣੀ ਫੁਲੀਂ, ਰੋਗੀ ਦੇਹੀ ਮਾਹੀਂ।
ਜਿਸ ਵਿਚ ਫੁਰਨੇ ਉੱਠਣ, ਮਿਟਣ ਭਾਵ ਦੀ ਸ਼ਕਤੀ ਰਾਹੀਂ।
ਇਹ ਪ੍ਰਾਣੀ ਜਾਣੇ ਆਪਣੇ ਤਾਈਂ ਚਿਰ ਜੀਵੀ ਹਿੱਤਕਾਰੀ।
ਐਪਰ ਇਸ ਦੀ ਜੋਤ ਤਾਂ ਜਗ ਵਿਚ ਹਰਗਿਜ਼ ਸਥਿਰ ਨਾਹੀਂ॥

ਪਰਿਜਿੱਣਮਿਦੰ ਰੂਪੰ ਰੋਗਨੀਣੰ ਪਭੰਗੁਰੰ।
ਭਿੱਜਤਿ ਪੂਤਿਸੰਦੇਹੋ, ਮਰਣੰਤੰ ਹਿ ਜੀਵਿਤੰ॥ 148॥

148- ਇਹ ਸਰੀਰ ਹੈ ਮਿਥਿਆਵਾਦੀ, ਰੋਗੀ ਸੋਗੀ ਛਿੰਨ ਭੰਗਰ।
ਇਹ ਢੇਰ ਹੈ ਕੂੜੇ ਵਾਲਾ, ਰਹਿ ਸਕਦਾ ਇਹ ਨਾਹੀਂ ਥਿਰ।
ਆਵਣ ਜਾਵਣ ਪਏ ਮੁਸਾਫਿਰ ਦੁਨੀਆਂ ਅੰਦਰਧੁਰ ਤੋਂ।
ਜੋ ਜੰਮਿਐ ਇਸ ਜਗ ਦੇ ਅੰਦਰ ਉਸ ਨੇ ਜਾਣੈ ਓੜਕ ਮਰ॥

ਯਾਨਿਮਾਨਿ ਅਪਤਥਾਨਿ, ਅਲਾਬੂਨੇਵ ਸਾਰਦੇ।
ਕਾਪੋਤਕਾਨਿ ਅਟਠੀਨਿ, ਤਾਨਿ ਦਿਸਵਾਨ ਕਾ ਰਹਿ॥ 149॥

149- ਦੁਨੀਆ ਹੈਵੇ ਸੱਚੀਂ ਮੁੱਚੀ ਇਕ ਕਬੂਤਰ ਜਾਲ,
ਜਿਹੜੀ ਪੰਖੀਆਂ ਤਾਈਂ ਕਰਦੀ ਮਰਦਾ ਤੇ ਬਦ-ਹਾਲ।
ਭਾਵੇਂ ਉਤੋਂ ਚਿਕਨੀ-ਚੁਪੜੀ ਇਹ ਪਈ ਨਜ਼ਰੀ ਆਵੇ।

ਹੋ ਨਹੀਂ ਸਕਦਾ ਇਸ ਤੇ ਮੋਹਿਤ ਕੋਈ ਸੰਤ ਰਵਾਲ॥
ਅਟਠੀਨੰ ਨਗਰੰ ਕਤੰ, ਸੰ ਸ਼ਲੋਹਿਤਲੇਪਨੰ।
ਯਤਥ ਜਰਾ ਚ ਮੱਚੁ ਚ, ਮਾਨੋ ਮਕਖੋ ਚ ਓਹਿਤੋ॥ 150॥
150– ਹੱਡੀਆਂ ਦਾ ਘਰ ਜੁੱਸਾ ਹੈਵੇ ਲਿਬੜਿਆ ਵਿਚ ਰਤ-ਮਾਸ।
ਜਰਾ, ਮੌਤ, ਮੋਹ ਹਊਮੈਂ ਇਸ ਵਿਚ ਕਰਦੇ ਹੈਨ ਨਿਵਾਸ।
ਡਿੱਗ ਪੈਣਾ ਹੈ ਇੱਕ ਦਿਨ ਇਸਨੇ ਓੜਕ ਆਪੇ ਆਪ।
ਇਸ ਦੀ ਹਾਲਤ ਰਹਿ ਨਹੀਂ ਸਕਦੀ, ਕਦੇ ਸਦੀਵੀ ਰਾਸ॥
ਜੀਰੰਤਿ ਵੇ ਰਾਜਰਥਾ ਸੁਚਿੱਤਾ, ਅਥੋ ਸਰੀਰੰ ਪਿ ਜਰੰ ਉਪੇਤਿ।
ਸਤੰ ਚ ਧੱਮੋ ਨ ਜਰੰ ਉਪੇਤਿ। ਸੰਤੋ ਹਵੇ ਸਬਭਿ ਪਵੇਦਯੰਤਿ॥ 151॥
151– ਸਮਰਾਟਾਂ ਦੇ ਸੁਹਣੇ ਵਾਹਨ ਓੜਕ ਜਾਣ ਅਜਾਈਂ।
ਜੁੱਸਾ ਵੀ ਓੜਕ ਅਪਨਾਵੇ ਬੁਢੇਪੇ ਦੇ ਤਾਈਂ।
ਐਪਰ ਧਰਮ ਧਰਮੀਆਂ ਵਾਲਾ ਰਹਿਵੇ ਸਦਾ ਜੁਆਨ,
ਅਤੇ ਉਸ ਨੂੰ ਜਗ ਵਿਚ ਹਰਗਿਜ਼ ਟੋਟਾ ਪੁੱਜੇ ਨਾਹੀਂ॥
ਅੱਪੱਸੁਤਾਯੰ ਪੁਰਿਸੋ, ਬਲਿਬੱਦੋ ਵਜੀਰਤਿ।
ਮੰਸਾਨਿ ਤੱਸ ਵੰਡਢੰਤਿ, ਪੱਞਾ ਤੱਸ ਨਾ ਵਡਢਤਿ॥ 152॥
152– ਅਲਪ ਗਿਆਨੀ ਨਿੱਜ ਭਰਮਾਂ ਦੇ ਬਲਦ ਤਾਈਂ ਜਣੇ।
ਐਪਰ ਉਸ ਦੀ ਬੁੱਧੀ ਹਰਗਿਜ਼ ਕਦੇ ਨਾ ਉੱਨਤ ਹੋਵੇ।
ਚੁੰਝ ਗਿਆਨੀ ਹਰਦਮ ਰਹਿਵੇ ਗੱਲਾਂ ਵਿਚ ਹੁਸ਼ਿਆਰ।
ਕਰਮਾਂ ਰਾਹੀਂ ਉਹ ਨਾ ਕਦੇ ਮਨ ਦੀ ਮੈਲ ਨੂੰ ਧੋਵੇ॥
ਅਨੇਕਜਾਤਿਸੰਸਾਰੰ, ਸੰਧਾਵਿੱਸੰ ਅਨਿੱਬਿਸੰ।
ਗਹਕਾਰੰ ਗਵੇਸੰਤੋ, ਦੁਕਖਾ ਜਾਤਿ ਪੁੱਨਪੁਨੰ॥ 153॥
153– ਕਈ ਜੂਨਾਂ ਵਿਚ ਭਰਮਤ ਰਹਿ ਕੇ ਦੁੱਖ ਅਨੇਕਾਂ ਪਾ ਕੇ
ਜੀਵ ਖੋਜ ਹੈ ਕਰਦਾ ਓੜਕ ਸਿਰਜਨ ਹਾਰ ਦੀ ਆ ਕੇ
ਪਰ ਉਹ ਉਸ ਨੂੰ ਪਾ ਨਾ ਸਕਿਆ ਕਈ ਜਨਮ ਵੀ ਲੈ ਕੇ
ਜੀਣ ਮਨੋਰਥ ਉਹ ਪਾ ਸਕਦੈ ਆਪਣਾ ਫਰਜ਼ ਨਿਭਾ ਕੇ॥
ਗਹਕਾਰਕ ਦਿਟਠੋਸਿ, ਪੁਨ ਗੇਹੰ ਨ ਕਾਹਿਸਿ।
ਸੱਬਾ ਤੇ ਫਾਸੁਕਾ ਭੱਗਾ, ਗਹਕੂਟੰ ਵਿਸੰਖਤੰ।
ਵਿਸੰਖਾਰਗਤ ਚਿੱਤੰ, ਤਣਹਾਨੰ ਖਯਮਜਝਗਾ॥ 154॥
154– ਸਫ਼ਲ ਬੰਦਾ ਰੱਬ ਨੂੰ ਕਹਿੰਦੈ ' ਮੈਂ ਤਾਂ ਅੰਮ੍ਰਿਤ ਪੀਤੈ।
ਬੰਧਨ ਸਾਰੇ ਕੱਟ ਕੇ ਮੈਨੇ ਦਿਵ ਦਰਸ਼ਨ ਪਾ ਲੀਤੈ।

ਮੇਰਾ ਹਿਰਦਾ ਬਿਲਕੁਲ ਹੁਣ ਤਾਂ ਪਾਪਾਂ ਤੋਂ ਹੈ ਛੁੱਟਾ।
ਤ੍ਰਿਸ਼ਨਾ ਸਾਰੀ ਤੱਜ ਕੇ ਮੈਂਨੇਂ ਨਿੱਜ ਘਰ ਵਾਸ਼ਾ ਕੀਤੈ॥
ਅਚਰਿਤਵਾ ਬ੍ਰਹਮਚਰਿਯੰ, ਅਲਦਧਾ, ਯੋਬੱਨੇ ਧਨੰ।
ਜਿੱਣਕੈਂਚਾ ਵ ਝਾਯੰਤਿ ਖੀਣਮਕਛੇ ਵ ਪੱਲਲੇ॥ 155॥

155- ਯੁਵਾ ਅਵਸਥਾ ਅੰਦਰ ਜਿਹੜੇ ਜਤ-ਸਤ ਤਾਈਂ ਨਾ ਪਾਲਣ।
ਅਤੇ ਨਾਮ ਦੇ ਸੰਚੇ ਅੰਦਰ ਆਪਣੀ ਦੇਹ ਨਾ ਢਾਲਣ।
ਉਹ ਜਲਦੀ ਨਿੱਜ ਕਰਮਾਂ ਕਾਰਣ ਐਂਵੇਂ ਖਤਮ ਹੋਵਣ।
ਮੀਨ ਰਹਿਤ ਤਲਾ ਵਿਚ ਜੀਕਣ ਬੁਗੁਲਾ ਆਪਾ ਗਾਲਣ॥
ਅਚਰਿਤਵਾ ਬ੍ਰਹਮਚਰਿਯੰ, ਅਲਦਧਾ, ਯੋਬੱਨੇ ਧਨੰ।
ਸੇਂਤਿ ਚਾਪਾਤਿਖੀਣਾ ਵ, ਪੁਰਾਣਾਨਿ ਅਨੁਤਥੁਨੰ॥ 156॥

156- ਜੋਬਨ ਵਿਚ ਰੂਹਾਨੀ ਧਨ ਖਟ ਕੇ ਪਾਣ ਨਾ ਜੋ ਮਾਣ।
ਜੋਬਨ ਵਿਚ ਜੋ ਜਤ ਨਾ ਰੱਖਣ ਸੱਚ ਨਾ ਲੈਣ ਪਛਾਣ।
ਪਸ਼ਚਾਤਾਪ ਦੇ ਰਾਹੀਂ ਉਹ ਤਾਂ ਈਕਣ ਹੋਣ ਖੁਆਰ।
ਜੀਕਣ ਧਰ ਦੇ ਉਪਰ ਡਿਗਣ, ਟੁੱਟੇ ਹੋਏ ਬਾਣ।

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਜ਼ਿਲ੍ਹਾ ਫਿਲੌਰ (ਜਲੰਧਰ)

ਬਾਰ੍ਹਵਾਂ ਵੱਗ

ਅੱਤਵਗੋ (ਆਤਮਵਰਗ)

ਅੱਤਾਨੰ ਚੇ ਪਿਯੰ ਜੱਞਾ, ਰਕਖੇੱਯ ਨ ਸੁਰਕਖਿਤੰ।
ਤਿੱਣੰ ਅੱਵਤਰੰ ਯਾਸੰ, ਪਟਿਜੱਗੋੱ ਯ ਪੰਡਿਤੋ॥ 157॥

157- ਸਵੈ-ਪ੍ਰੇਮੀ ਤਾਈਂ ਚਾਹੀਏ ਕਰਨੀ ਰੂਹ ਦੀ ਰੱਖਿਆ।
ਤਾਂ ਜੋ ਉਹ ਨਿਤ ਫੁੱਲੇ ਫਲੇ ਅਤੇ ਰਹੇ ਸੁਰਖਿਅਤ।
ਬਚਪਨ ਜੋਬਨ ਜ਼ਰਾ ਅੰਦਰ ਦਾਨੇ ਰਹਿਣ ਸੁਚੇਤ।
ਤਾਂ ਜੋ ਉੱਚੀ ਸੁੱਚੀ ਰੱਖਣ ਉਹ ਆਪਣੀ ਆਤਮਾ॥

ਅੱਤਾਨ ਮੇਵ ਪਠਮੰ, ਪਤਿਰੂਪੇ ਨਿਵੇਯਯੇ।
ਅਥੱਞਮਨੁਸਾਸੇੱਯ ਨ ਕਿਲਿਸੇੱਯ ਪੰਡਿਤੋ॥ 158॥

158- ਦਾਨਾ ਪਹਿਲਾਂ ਆਪਣੇ ਤਾਈਂ ਸ਼ੁਭ ਕੰਮਾਂ ਵਿਚ ਲਾਏ,
ਤੇ ਫਿਰ ਦੂਜਿਆਂ ਤਾਈਂ ਸਹਿਜੇ ਨਿਜ ਉਪਦੇਸ਼ ਸੁਣਾਏ।
ਈਕਣ ਉਹ ਤਾਂ ਸਭ ਕਸ਼ਟਾਂ ਤੋਂ ਸਹਿਜੇ ਹੀ ਛੁਟ ਜਾਏ।
ਅਤੇ ਕਈਆਂ ਹੋਰਾਂ ਨੂੰ ਉਹ ਭਵਸਾਗਰ ਤਰਵਾਏ।

ਅੱਤਾਨੰ ਚੇ ਤਥਾਂ ਕਇਰ, ਯੱਥਾਞਮਨੁਸਾਸਤਿ।
ਸੁਦੰਤੋ ਵਤ ਦਮੇਥ, ਅੱਤਾ ਹਿ ਕਿਰ ਦੱਦਮੋ॥ 159॥

159- ਦੂਜਿਆਂ ਤਾਈਂ ਬੰਦਾ ਜੀਕਣ ਜਗ ਦੇ ਵਿਚ ਬਨਾਣਾ ਚਾਹੇ।
ਉਹੇ ਜਿਹਾ ਆਪੇ ਤਾਈਂ ਪਹਿਲਾਂ ਆਪੇ ਆਪ ਬਣਾਏ।
ਦੂਜਿਆਂ ਤਾਈਂ ਜਿਤੇ ਉਹੀ ਜਿਹੜਾ ਹੋਵੇ ਇੰਦਰੀ ਜਿੱਤ।
ਨਾਮ-ਪਰਾਇਣ ਬੰਦਾ ਕੇਵਲ ਆਪਣੇ ਮਨ ਤੇ ਕਾਬੂ ਪਾਏ।

ਅੱਤਾਂ ਹਿ ਅੱਤਨੋ ਨਾਥੋ, ਕੋ ਹਿ ਨਾਥੋ ਪਰੇ ਸਿਯਾ।
ਅੱਤਨਾ ਹਿ ਸੁਦੰਤੇਨ, ਨਾਥੰ ਲਭਤਿ ਦੁੱਲਭੰ॥ 160॥

160- ਅਸਲ ਸੁਆਮੀ ਬੰਦਾ ਖੁਦ ਹੈ ਅਸਲੋਂ ਆਪ ਦੇ ਆਪ ਦਾ।
ਦੂਜਾ ਕੋਈ ਸੱਚਾ ਉਸਦਾ ਨਾਹੀਂ ਮਾਲਕ ਹੋ ਸਕਦਾ।

ਆਪੇ ਦੀ ਫਤਹਿ ਤੋਂ ਵੱਡਾ ਕਠਿਨ ਨਾਹੀਂ ਕੋਈ ਕੰਮ
ਆਪੇ ਨੂੰ ਜੋ ਫਤਹਿ ਕਰਦੈ ਉਹੀ ਸੱਚ ਹੈ ਪਾ ਲੈਂਦਾ॥
ਅੱਤਨਾ ਹਿ ਕਤੰ ਪਾਪੰ, ਅੱਤਜੰ ਅੱਤਸੰਸਵੰ।
ਅਭਿਮੰਥਤਿ ਦੁੱਮੇਧੰ, ਵਜਿਰੰ ਵੱਸਮਯੰਮਣਿੰ॥ 161॥

161- ਪਾਪ ਦਾ ਕਰਤਾ ਦੂਜਾ ਨਾਹੀਂ ਮਨੁੱਖ ਹੈ ਪਾਪ ਦਾ ਕਰਤਾ।
ਪਾਪ ਹੈ ਪੈਦਾ ਹੁੰਦਾ ਆਪ ਤੋਂ ਆਪੇ ਨੂੰ ਫ਼ਲ ਮਿਲਦਾ।
ਆਪਣਾ ਕੀਤਾ ਪਾਪ ਹੀ ਜਨ ਨੂੰ ਈਕਣ ਆਪੇ ਪੁੱਟੇ।
ਜੀਕਣ ਬੱਜਰ ਪੱਥਰ ਸਹਿਜੇ ਮਣੀ ਤਾਈਂ ਕੱਟੇ॥
ਯੱਸ ਅੱਚੰਤਦੁੱਸੀਲਯੰ, ਮਾਲੁਵਾ ਸਾਲਮਿਵੋਤਤੰ।
ਕਰੋਤਿ ਸੋ ਤੱਥਤਾਨੰ, ਯਥਾ ਨੰ ਇਚਛਤੀ ਦਿਸੋ॥ 162॥

162- ਜਨ ਦਾ ਭੈੜਾ ਚਲਨ ਜਨ ਨੂੰ ਹਰਦਮ ਈਕਣ ਘੇਰੇ।
ਜੀਕਣ ਮਾਲੂ-ਵੇਲ ਸਾਲ ਦੇ ਪੇੜ ਨੂੰ ਆਪੇ ਵਿਹੜੇ।
ਪਾਪਾਂ ਰਾਹੀਂ ਦੁਨੀਆ ਅੰਦਰ ਵੈਰੀ ਪਿਆ ਵਧਾਂਦੇ।
ਉਹੀ ਆਵਾਗਮਨ ਦੇ ਅੰਦਰ ਆਪੇ ਫੇਰੇ ਪਾਂਦੇ॥
ਸੁਕਰਾਨਿ ਅਸਾਪੂਨਿ, ਅੱਤਨੋ ਅਹਿਤਾਨਿ ਚ।
ਯੰ ਵੇ ਹਿਤੰ ਚ ਸਾਧੂ ਚ, ਤੰ ਵੇ ਪਰਮਦੁੱਕਰੰ॥ 163॥

163- ਦੁਰਾਚਾਰੀ ਬੰਦੇ ਦਾ ਤਾਂ ਹੁੰਦੇ ਭੈੜਾ ਪੋਖਾ।
ਮੰਦੇ ਕੰਮ ਨੂੰ ਕਰਨਾ ਉਹ ਤਾਂ ਹਰਦਮ ਸਮਝੇ ਸੌਖਾ।
ਮੰਦਾ ਹੁੰਦੇ ਬੁਰਿਆਈ ਦੀ ਕੈਦ ਦਾ ਕੌਝਾ ਕੈਦੀ।
ਇਸ ਲਈ ਚੰਗਾ ਕੰਮ ਤਾਂ ਹੁੰਦੇ ਉਸ ਦੀ ਖਾਤਰ ਔਖਾ॥
ਯੋ ਸਾਸਨੰ ਅਰਹਤੰ, ਅਰਿਯਾਨੰ ਧੱਮਜੀਵਿਨੰ।
ਪਟਿਕੋਸਤਿ ਦੁੱਮੇਧੋ, ਦਿਟਠਿੰ ਨਿੱਸਾਯ ਪਾਪਿਕੰ।
ਫਲਾਨਿ ਕਟਠਕੱਸੇਵ, ਅੱਤਘਾਤਾਯ ਫੱਲਤਿ॥ 164॥

164- ਮੂਰਖ ਜਿਹੜਾ ਸਤ-ਪੁਰਖਾਂ ਤੇ ਸੰਤਾਂ ਦੀ ਕਰੇ ਨਿੰਦਾ।
ਅਤੇ ਇਸ ਲਈ ਭੈੜੇ ਪਾਪਾਂ ਵਾਲਾ ਲਏ ਸਹਾਰਾ।
ਸੁੱਚੀ ਮੁੱਢੀਂ ਓੜਕ ਉਹ ਤਾਂ ਆਤਮ ਘਾਤੀ ਹੋਵੇ।
ਬਾਂਸਫੁਲ ਦੇ ਵਾਕਰ ਉਹ ਤਾ ਫ਼ਲੇ ਸਦਾ ਬੇ-ਅਰਥਾ॥
ਅੱਤਨਾ ਹਿ ਕਤੰ ਪਾਪੰ, ਅੱਤਨਾ ਸੰਕਿਲਿੱਸਤਿ।

ਅੱਤਨਾ ਅਕੱਤੰ ਪਾਪੰ, ਅੱਤਨਾ ਵ ਵਿਸੁਜਝਤਿ।
ਸੁਦਧੀ ਅਸੁਦਧੀ ਪੱਚੱਤੰ, ਨੱਞੋ ਅੱਞੰ ਵਿਸੋਧਯੇ॥ 165॥

165- ਆਪਣੇ ਪਾਪਾਂ ਵਾਲੇ ਫ਼ਲ ਤਾਂ ਜਗ ਵਿਚ ਹਰ ਇਕ ਭੋਗੇ ਨਰ।
ਇਸ ਲਈ ਪਾਪਾਂ ਨੂੰ ਉਹ ਛੱਡ ਕੇ ਮਨ ਵਿਚ ਲੇਵੇ ਪੁੰਨ ਨੂੰ ਧਰ।
ਹਰ ਇਕ ਬੰਦੇ ਦਾ ਚੰਗ ਮੰਦ ਹੈ, ਉਸ ਦੇ ਆਪੇ ਉਪਰ ਨਿਰਭਰ।
ਦੂਜਾ ਕਿਸੇ ਦੇ ਤਾਈਂ ਸਕਦਾ ਨਹੀਂ ਪਵਿੱਤਰ ਕਰ।
ਅੱਤਦਤਥੰ ਪਰਤਬੇਨ, ਬਹੁਨਾਪਿ ਨ ਹਾਪਯੇ।
ਅੱਤਦਤਬੰ ਅਭਿੱਵਾਯ, ਸਦਤਥਪਸੁਤੋ ਸਿਯਾ॥ 166॥

166- ਦੂਜੇ ਦੇ ਮਜ਼ਹਬ ਦੀ ਖ਼ਾਤਰ ਨਿੱਜ ਮਤ ਛਡਣਾ ਵਾਜ਼ਬ ਨਾਹੀਂ।
ਸਵੈ ਧਰਮ ਦੇ ਮਾਫ਼ਕ ਪਾਲੇ, ਬੰਦਾ ਕਰਤਵ ਜਗਤ ਮਾਹੀਂ।
ਜਾਨ ਤੋਂ ਵੱਧ ਕੇ ਸਵੈ ਧਰਮ ਨੂੰ ਰੱਖੇ ਹਰ ਕੋਈ ਸਦਾ ਅਜ਼ੀਜ਼।
ਚੰਗਾ ਉਹ ਹੈ ਜੋ ਕਿ ਪਾਵੇ ਮੋਖ ਮੁਕਤੀ ਨਿੱਜ ਧਰਮ ਦੇ ਰਾਹੀਂ॥

ਤੇਰ੍ਹਵਾਂ ਵੱਗ

ਲੋਕ ਵੱਗੋ (ਲੋਕ ਵਰਗ)

ਹੀਨੰ ਧੱਮੰਨ ਸੇਵੇਯੱ, ਪਮਾਦੇਨ ਨ ਸੰਵਸੇ।
ਮਿਚਛਾਦਿਟਠਿੰ ਨ ਸੇਵੇਯੱ ਨ ਸਿਯਾ ਲੋਕਵਡਢਨੋ॥ 167॥

167- ਬੰਦਾ ਭੈੜੇ ਚਲਨ ਤਾਈਂ ਹਰਗਿਜ਼ ਕਦੇ ਨਾ ਧਾਰੇ।
ਆਲਸ-ਭਰਮ ਨੂੰ ਆਪਣੇ ਮਨ 'ਚੋਂ ਉਹ ਤਾਂ ਆਪ ਨਿਵਾਰੇ।
ਸੱਚਾਈ ਦੇ ਸੰਚੇ ਅੰਦਰ ਸਹਿਜੇ ਆਪਾ ਢਾਲੇ।
ਜਨਮ ਮਰਨ ਦੇ ਗੇੜ ਤੋਂ ਛੁਟ ਕੇ ਆਪਣਾ ਆਪ ਉਧਾਰੇ॥

ਉੱਤਿਟਨੇ ਨੱਪਮੱਜੋਯੱ, ਧੱਮੰ ਸੁਚਰਿਤੰ ਚਰੇ।
ਧੱਮਚਾਰੀ ਸੁਖੰ ਸੇਤਿ, ਅਸਮਿੰ ਲੋਕੇ ਪਰੰਹਿ ਚ॥ 168॥

168- ਅਗਾਹਾਂ ਵਧੇ ਗ਼ਫ਼ਲਤ ਛੱਡੇ, ਧਰਮ ਨੂੰ ਪਾਲੇ ਬੰਦਾ।
ਕਿਉਂ ਜੋ ਈਕਣ ਦੂਰ ਹੈ ਹੁੰਦਾ ਪਾਪ ਦਾ ਗੋਰਖ ਧੰਦਾ।
ਧਰਮ ਦਿੰਦੈ ਬੰਦੇ ਤਾਈਂ ਹਲਤ ਪਲਤ ਦਾ ਸੁਖ।
ਜਦ ਕਿ ਪਾਪ ਹੈ ਕਰਦਾ ਉਸਨੂੰ ਦੋਹੀਂ ਜਹਾਨੀ ਗੰਦਾ॥

ਧੱਮੰ ਚਰੇ ਸੁਚਰਿਤੰ ਨ ਨੰ ਦੁੱਚਰਿਤੰ ਚਰੇ।
ਧੱਮਚਾਰੀ ਸੁਖੰ ਸੇਤਿ, ਅਸਮਿੰ ਲੋਕੇ ਪਰੰ ਹਿ ਚ॥ 169॥

169- ਸਦਾਚਾਰ ਧਰਮ ਦਾ ਪਾਲਣ ਫ਼ਰਜ ਹੈ ਬੰਦੇ ਵਾਲਾ
ਇਸ ਲਈ ਉਹ ਛੱਡ ਦੇਵੇ ਉੱਕਾ ਦੁਰਾਚਾਰ ਦਾ ਚਾਲਾ।
ਦੁਰਾਚਾਰ ਹੀ ਦਿੰਦੈ ਬੰਦੇ ਤਾਈਂ ਨਰਕੀ ਦੁੱਖ।
ਸਦਾਚਾਰ ਪਰ ਕਰ ਸਕਦਾ ਹੈ ਉਸਦਾ ਜਨਮ ਸੁੱਖਾਲਾ।

ਯਥਾ ਬੁੱਬੁਲਕੰ ਪੱਸੇ, ਯਥਾ ਪੱਸੇ ਮਰੀਚਿਕੰ।
ਏਵੰ ਲੋਕੰ ਅਵੇਕਖੰਤੰ, ਮੱਚੁਰਾਜਾ ਨ ਪੱਸਤਿ॥ 170॥

170- ਜਲ-ਬੁਦਬੁਦੇ ਵਾਕਰ ਜਿਹੜਾ ਜਗ ਦੇ ਤਾਈਂ ਪਾਵੇ।
ਜਾਂ ਜੋ ਜਗ ਨੂੰ ਮਾਰੂ-ਥਲ ਦੀ ਲਿਸ਼ਕ ਵਾਂਗ ਦਰਸਾਵੇ।

ਲੋਕ-ਸੰਸਾਰ

ਉਹੀ ਆਪਣੇ ਜੀਵਨ ਤਾਈਂ ਚੱਜ ਦੇ ਨਾਲ ਬਿਤਾਵੇ।
ਉਹੀ ਯਮ ਦੇ ਪੰਜ਼ੇ ਕੋਲੋਂ ਸਹਿਜੇ ਹੀ ਛੁਟ ਜਾਵੇ॥
ਏਥ ਪੱਸਥਿਮੰ ਲੋਕੰ, ਚਿੰਤ ਰਾਜਰਥੂਪਮੰ।
ਯਤਥ ਬਾਲਾ ਵਿਸੀਦੰਤਿ ਨਤਥਿ ਸੰਗੋ ਵਿਜਾਨਤੰ॥ 171॥

171- ਇਹ ਜਗਤ ਤਾਂ ਸ਼ਾਹੀ ਰੱਥ ਦੇ ਵਾਕਰ ਨਜ਼ਰੀ ਆਵੇ।
ਮੂਰਖ ਇਸ ਦੇ ਮੋਹ ਦੇ ਅੰਦਰ ਆਪੇ ਨੂੰ ਫਸਾਏ।
ਐਪਰ ਗਿਆਨੀ ਸਮਝੇ ਇਸ ਦੇ ਕੂੜੇ ਮੋਹ ਦਾ ਭੇਦ।
ਇਸ ਲਈ ਉਹ ਤਾਂ ਇਸ ਦੇ ਵੱਸ ਵਿਚ ਹਰਗਿਜ਼ ਮੂਲ ਨਾ ਆਵੇ॥
ਯੋਚਪੁੱਬੇ ਪਸੱਜਿਤਵਾ, ਪਚਛਾ ਸੋ ਨੱਪਮੱਜਤਿ।
ਸੋ ਇਮੰ ਲੋਕੰ ਪਭਾਸੇਤਿ, ਅਬਭਾ ਮੁੱਤੋ ਵ ਚੰਦਿਮਾ॥ 172॥

172- ਪਿਛਲੀ ਗਫ਼ਲਤ ਛੱਡ ਕੇ ਜਿਹੜਾ ਹੋ ਜਾਂਦੈ ਹੁਸ਼ਿਆਰ।
ਅਤੇ ਕਰਦੈ ਕਰਤਵ ਖਾਤਰ ਖ਼ੁਦ ਨੂੰ ਖੂਬ ਤਿਆਰ।
ਸੱਚੀਂ ਮੁੱਚੀਂ ਉਹ ਚਮਕਦੈ ਈਕਣ ਜਗ ਵਿਚਕਾਰ,
ਮੇਘਾਂ ਤੋਂ ਸੁਤੰਤਰ ਚੰਨ ਜਿਉਂ ਚਾਨਣ ਦਏ ਖਿਲਾਰ॥
ਯੱਸ ਪਾਪੰ ਕੰਤੰ ਕੱਮੰ, ਕੁਸਲੇਨ ਪਿਧੀਯਤਿ।
ਸੋ ਇਮੰ ਲੋਕੰ ਪਭਾਸੇਤਿ, ਅਥਭਾ ਮੁੱਤੋ ਵ ਚੰਦਿਮ॥ 173॥

173- ਜਿਸ ਦੇ ਭੈੜੇ ਕੰਮ ਦਬ ਜਾਂਦੇ ਸਤ ਕਰਮਾਂ ਦੇ ਨਾਲੇ।
ਜਿਸ ਦਾ ਸਾਰਾ ਜੀਵਨ ਹੁੰਦੈ ਸੱਚ ਦੇ ਸਦਾ ਦੁਆਲੇ।
ਉਹ ਸੰਸਾਰ ਦੇ ਤਾਈਂ ਈਕਣ ਰੋਸ਼ਨ ਕਰਦੈ ਆਪੇ।
ਬਦਲਾਂ ਤੋਂ ਸੁਤੰਤਰ ਚੰਨ ਜਿਉਂ ਵਾਤਾਵਰਨ ਉਜਾਲੇ॥
ਅੰਧਭੂਤੋ ਅਯੰਲੋਕੇ, ਤਨੁਕੇਤਥ ਵਿੱਪਸਤਿ।
ਸਕੁਣੋ ਜਾਲਮੁਤੋ ਵ, ਅਪੋ ਸੱਗਾਯ ਗਚਛਤਿ॥ 174॥

174- ਅੰਨ੍ਹੇ ਜਗ ਵਿਚ ਥੋੜ੍ਹੇ ਹੈਵਣ ਅੱਖਾਂ ਰੱਖਣ ਵਾਲੇ।
ਪਿਆਸੇ ਜਗ ਵਿਚ ਵਿਰਲੇ ਪੀਵਣ ਪਿਆਰ ਰਸ਼ ਦੇ ਪਿਆਲੇ।
ਬੰਧਨ ਯੁਕਤ ਇਸ ਜਗ ਦੇ ਅੰਦਰ ਵਿਰਲੇ ਬੰਦੇ ਇਹੋ ਜਿਹੇ
ਜਾਲ ' ਚੋਂ ਛੁਟੇ ਪੰਖੀ ਵਾਂਗ ਜੋ ਪਾਉਣ ਅਰਸ਼ੀ ਸੁਖ॥
ਹੰਸਾਦਿੱਚਪਥੇ ਯੰਤਿ, ਆਕਾਸੇ ਯੰਤਿ ਇਦਧਿਯਾ।
ਨੀਯੰਤਿ ਧੀਰਾ ਲੋਕੰਹਾ, ਜੇਤਵਾ ਮਾਰੰ ਸਵਾਹਿਨੰ॥ 175॥

175- ਹੰਸ ਚਲਣ ਸੂਰਜ-ਮੱਗ ਤੇ ਰਿਧਿ-ਮਈ ਜਾਣ ਅਕਾਸ਼।
ਸ਼ੁਭ ਕਰਮਾਂ ਦੇ ਰਾਹੀਂ ਕਰ ਦੇਣ ਜੀਵਨ ਵਿਚ ਪਰਕਾਸ਼।

ਦਾਨੇ ' ਮਾਰ ' ਨੂੰ ਜਿੱਤ ਕੇ ਸਹਿਜੇ ਜਗ ਵਿਚ ਪਾਣ ਵਿਕਾਸ।
ਭਵਸਾਗਰ ਤੋਂ ਪਾਰ ਉਤਰ ਕੇ ਪਾਣ ਪਦ ਨਿਰਵਾਣ॥
ਏਕੰ ਧੱਮੰ ਅਤੀਤਸੱ, ਮੁਸਾਵਾਦਿੱਸ ਜੰਤੁਨੋ।
ਵਿਤਿੱਣਪਰਲੋਕਸ, ਨਤਥਿ ਪਾਪੰ ਅਕਾਰਿਯੰ॥ 176॥

176- ਧਰਮ ਉਲੰਘਣ ਜਿਹੜਾ ਕਰਦੈ ਝੂਠੇ ਵਾਕ ਅਲਾਂਦੈ।
ਪਰਲੋਕਕ ਸਚਿਆਈਆਂ ਦਾ ਉਹ ਹਨ ਮਜ਼ਾਕ ਉਡਾਂਦੈ।
ਭੈੜੇ ਤੋਂ ਭੈੜਾ ਉਹ ਜਗ ਵਿਚ ਹਰਦਮ ਪਾਪ ਕਮਾਂਦੈ।
ਤੇ ਓੜਕ ਉਹ ਨਰਕਾਂ ਅੰਦਰ ਜਾਕੇ ਵਾਸਾ ਪਾਂਦੈਂ।
ਨ ਵੇ ਕਦਰਿਆਂ ਦੇਵਲੋਕੰ ਵਜੰਤਿ, ਬਾਲਾ ਹਵੇ ਨੱਪਸੰਸੰਤਿ ਦਾਨੰ।
ਧੀਰੋ ਚਦਾਨੰ ਅਨੁਮੋਦਮਾਨੋ। ਤੇਨੇਵ ਸੋ ਹੋਤਿ ਸੁਖੀ ਪਰਤਥ॥ 177॥

177- ਦੇਵ ਲੋਕ ਦੇ ਅੰਦਰ ਕਦੇ ਸੂਮ ਨਾ ਹਰਗਿਜ਼ ਜਾਵਣ।
ਮੂਰਖ ਬੰਦੇ ਦਾਨ ਨੂੰ ਉੱਕਾ ਹਰਗਿਜ਼ ਨਾ ਉਚਿਆਵਣ।
ਦਾਨੇ ਜਨ ਹੀ ਦਾਨ ਦਾ ਖੁੱਲ੍ਹਾ ਡੁੱਲ੍ਹਾ ਦੌਰ ਚਲਾਵਣ।
ਇਸ ਲਈ ਹਲਤ ਪਲਤ ਦੇ ਅੰਦਰ ਉਹ ਸੱਚਾ ਸੁਖ ਪਾਵਣ॥
ਪਥਵਯਾ ਏਕਰੱਜੇਨ, ਸੱਗੱਸ ਗਮਨੇਨ ਵਾ।
ਸੱਬਲੋਕਾਧਿਪੱਚੇਨ, ਸੋਤਾਪੱਤਿਫਲੰ ਵਰੰ॥ 178॥

178- ਧਰਤੀ ਸੁਰਗ ਤੇ ਦੂਜੇ ਸਾਰੇ ਲੋਕਾਂ ਵਾਲੇ ਰਾਜ਼
ਕਰ ਨਹੀਂ ਸਕਦੇ ਬੰਦੇ ਤਾਈਂ ਹਰਗਿਜ਼ ਬੇਮੁਹਤਾਜ਼।
ਸੋ੍ਤ ਆਪਤੀ[1] ਦਾ ਪਾਣਾ ਹੈਵੇ, ਸਭ ਤੋਂ ਉੱਤਮ ਪਦ।
ਪੂਰਾ ਬੰਦਾ ਉਹ ਹੈ ਜਿਹੜਾ ਪਹਿਨੇ ਸੱਚ ਦਾ ਤਾਜ॥

ਚੌਧਵਾਂ ਵੱਗ

ਬੁੱਧ ਵੱਗੋ (ਬੁੱਧ ਵਰਗ)

ਯੱਸ ਜਿਤੰ ਨਾਵਜੀਯਤਿ, ਜਿਤੰ ਯੱਸ ਨੋ ਯਾਤਿ ਕੋਚਿ ਲੋਕੇ।
ਤੰ ਬੁਧਯਮਨੰਤਗੋਚਰੰ, ਅਪਦੰ ਕੇਨ ਪਦੇਨ ਨੇਸੱਬ॥ 179॥

179- ਜਿੱਤ ਹਾਰ ਦੇ ਭਾਵਾਂ ਤੋਂ ਜੋ ਉਚਾ ਹੈ ਹੋ ਗਿਆ।
ਪਰਮਗਤੀ ਦੀ ਪਦਵੀ ਤਾਈਂ ਜਿਸ ਨੇ ਹੈ ਜਿੱਤ ਲਿਆ।
ਉਸ ਗਿਆਨੀ ਨੂੰ ਨਿੱਜ ਪਦ ਕੋਲੋਂ ਕੋਈ ਢਾਹ ਨਾ ਸਕੇ।
ਕਿਉਂ ਜੋ ਉਸ ਦੇ ਜੀਵਨ ਵਿਚ ਹੈ ਅੰਮ੍ਰਿਤ ਰਸ ਜਾ ਪਿਆ॥

ਯੱਸ ਜਾਲਿਨੀ ਵਿਸੱਤਿਕਾ, ਤਣਹਾ ਨਤਥਿ ਕੁਹਿੰਚਿ ਨੇਤਵੇ।
ਤੰ ਬੁਦਧੰ ਅਨੰਤਗੋਰਰੰ, ਅਪਦੰ ਕੇਨ ਪਦੇਨ ਨੇਸੱਬ॥ 180॥

180- ਬਿੱਖੇ-ਜਾਲ ਫੈਲਾਵਣ ਵਾਲੀ ਤ੍ਰਿਸ਼ਨਾ ਜਿਨ੍ਹੰ ਨਾ ਖਿੱਚੇ।
ਉਹ ਗਿਆਨੀ ਤਾਂ ਆਪਣੇ ਪਦ ਤੋਂ ਹਰਗਿਜ਼ ਮੂਲ ਨਾ ਡਿੱਗੇ।
ਤ੍ਰਿਸ਼ਨਾ ਜਨ ਨੂੰ ਲਿਪੱਤ ਕਰੇ ਹਰਦਮ ਮਾਇਆ ਅੰਦਰ।
ਗਿਆਨੀ ਧਿਆਨ ਦੁਆਰਾ ਇਸ ਨੂੰ ਸਹਿਜੇ ਸਹਿਜੇ ਜਿੱਤੇ॥

ਯੇ ਝਾਨਪਸੁਤਾ ਧੀਰਾ, ਨੇਕਖੱਮੂਪਸਮੇ ਰਤਾ।
ਦੇਵਾ ਪਿ ਤੇਸੰ ਪਿਹੰਤਿ, ਸੰਬੁਦਧਾਨੰਸਤੀਮਤੰ॥ 181॥

181- ਦੇਵ ਵੀ ਕਰਨ ਰੀਸ ਉਸੇ ਦੀ ਜੋ ਹੈ ਤੱਤ-ਗਿਆਨੀ।
ਜੋ ਹੈ ਪੂਰੀ ਸ਼ਰਧਾ ਨਾਲੇ, ਗੁਰੂ ਦੇਵ ਦਾ ਧਿਆਨੀ।
ਜੋ ਹੈ ਨਿਸਚੇ ਨਾਲੇ ਕਰਦਾ, ਕਰਮ ਸਦਾ ਨਿਹਕਾਮੀ।
ਜੋ ਹੈ ਸਭਿਆਚਾਰਕ ਤੇ ਉਧਾਰਕ ਤੇ ਵਿਗਿਆਨੀ॥

ਕਿਚਛੰ ਮੱਨੁਸਪਟਿਲਾਭੋ, ਕਿਚਛੰ ਮੱਚਾਨ ਜੀਵਿਤੰ।
ਕਿਚਛੰ ਸਦਧੱਮੱਸਵਨੰ ਕਿਚਛੋ ਬੁਧਧਾਨੰ ਉਪਾਦੋ॥ 182॥

182- ਜੱਗ ਅੰਦਰ ਹੈ ਦੁਰਲਭ ਹਾਸਿਲ ਕਰਨਾ ਮਨੁੱਖੀ ਜੀਵਨ ਦਾ,
ਜੱਗ ਅੰਦਰ ਹੈ ਦੁਰਲਭ ਜੀਣਾ ਸਦਾ ਲਈ ਮਾਨਵ ਦਾ।

ਜੱਗ ਅੰਦਰ ਹੈ ਦੁਰਲਭ ਸੱਚਾ ਗਿਆਨੀ ਬਣ ਕੇ ਜੀਣਾ।
ਜੱਗ ਅੰਦਰ ਹੈ ਦੁਰਲਭ ਪਾਣਾ ਸਹਿਜੇ ਦਰਸ ਪੀਆ ਦਾ॥
ਸੱਬਪਾਪੱਸ ਅਕਰਣੰ, ਕੁਸਲੱਸ ਉਪਸੰਪਦਾ।
ਸਚਿੱਤਪਰਿਯੋਦਪਨੰ, ਏਤੰ ਬੁਦਧਾਨ ਸਾਸਨੰ॥ 183॥

183- ਸੱਚੇ ਗਿਆਨੀ ਦੀ ਤਾਂ ਸਿੱਖਿਆ ਜਗ ਅੰਦਰ ਹੈ ਇਹ।
ਪਾਪ ਨਾ ਕਰੇ ਜਨ ਤੇ ਰੱਖੇ ਨਿਰਮਲ ਮਨ ਤੇ ਦੇਹ।
ਅਤੇ ਸੱਚ-ਪਰਾਇਣ ਹੋਕੇ ਜਗ ਵਿਚ ਸਹਿਜ ਸਹਿਜੇ,
ਕੁਸ਼ਲ ਕਾਰ ਕਮਾਵੇ ਸੁਹਣੀ ਪੂਰੇ ਨਾਲ ਸਨੇਹ॥
ਖੰਤੀ ਪਰਮੰ ਤਪੋ ਤਿਤਿਕਖਾ, ਨਿੱਬਾਨੰ ਪਰਮੰ ਵਦੰਤਿ ਬੁਦਧਾ।
ਨ ਹਿ ਪੱਬਜਿਤੋ ਪਰੂਪਘਾਤੀ। ਸਮਣੋ ਹੋਤਿ ਪਰੰ ਵਿਹੇਠਯੰਤੋ॥ 184॥

184- ਸਹਿਨਸ਼ੀਲਤਾ ਪਰਮ-ਤਪ ਹੈ, ਤੱਤ ਦਰਸ਼ਨ ਹੈ ਮੁਕਤੀ।
ਦੂਜਿਆਂ ਦਾ ਹਤਿਆਰਾ ਕਦੇ ਪਾ ਨਾ ਸਕੇ ਜੁਗਤੀ।
ਦੂਜਿਆਂ ਦਾ ਹਤਿਆਰਾ ਕਦੇ ਪਾ ਨਾ ਸਕੇ ਤ੍ਰਿਪਤੀ।
ਦੂਜਿਆਂ ਤਾਈਂ ਲੁਟਣ ਵਾਲਾ ਪਾ ਨਾ ਸਕੇ ਭੁਗਤੀ॥
ਅਨੂਪਵਾਦੋ ਅਨੁਪਘਾਤੋ, ਪਾਤਿਮੋਕਖੇ ਚ ਸੰਵਰੋ।
ਮੱਤੱਞੁਤਾ ਚ ਭੱਤਸ੍ਮਿੰ ਪੰਤੰ ਚ ਸਾਂਨਾਸਨੰ।
ਅਧਿਚਿੱਤੇ ਚ ਆਯੋਗੰਬੁ, ਏਤੰ ਦਧਾਨ ਸਾਸਨੰ॥ 185॥

185- ਬੁੱਧ ਧਰਮ ਦੀ ਸਾਰਿਆਂ ਤਾਈਂ ਕੇਵਲ ਇਹ ਹੈ ਸਿੱਖਿਆ।
ਹਿੰਸਾ ਤੇ ਨਿੰਦਾ ਨੂੰ ਛੱਡ ਕੇ ਵਾਂਗ ਭਿਖਸ਼ੂਆਂ ਜੀਣਾ।
ਸੰਜਮ ਨਾਲੇ ਖਾਣਾ ਸੌਣਾ ਅਤੇ ਏਕਾਂਤੀ ਹੋਣਾ।
ਅਤੇ ਮਨ ਨੂੰ ਨਿੱਤ ਹਮੇਸ਼ਾਂ ਸੱਚ ਪਰਾਇਣ ਰੱਖਣਾ॥
ਨ ਕਹਾਪਣ ਵੱਸੇਨ, ਤਿੱਤਿ ਕਾਮੇਸੁ ਵਿੱਜਤਿ।
ਅੱਪੱਸਾਦਾ ਦੁਖਾ ਕਾਮਾ, ਇਤਿ ਵਿੱਞਾਯ ਪੰਡਿਤੋ॥ 186॥
ਅਪਿ ਦਿੱਬੇਸੁ ਕਾਮੇਸੁ, ਰਤਿੰ ਸੋ ਨਾਧਿਗਚ੍ਛਤਿ।
ਤਣਹਕਖਾਯਰਤੋ ਹੋਤਿ, ਸੱਮਾਸੰਬੁਦਧਮਾਵਕੋ॥ 187॥

186+ ਸੋਨਮਈ ਮੁਹਰਾਂ ਦੀ ਵਰਖਾ ਤ੍ਰਿਸ਼ਨਾ ਨਾ ਮਿਟਾਵੇ,
187 ਮਾਇਆ ਦਾ ਰਸ ਥੋੜ-ਚਿਰਾ ਹੈ ਮਨ ਦੀ ਤਿੱਖ ਨਾ ਗਵਾਵੇ।
ਗਿਆਨੀ ਤਾਂ ਦਿੱਵ-ਵਸਤਾਂ ਵਾਲੀ ਵੀ ਨਾ ਖਾਹਿਸ਼ ਰਖੇ।
ਪੂਰਨ ਭਿਖਸ਼ੂ ਤ੍ਰਿਸ਼ਨਾਵਾਂ ਨੂੰ ਬਿਲਕੁਲ ਮਾਰ ਮੁਕਾਵੇ॥
ਬਹੁੰ ਵੇ ਸਰਣੰ ਯੰਤਿ, ਪੱਬਤਾਨਿ ਵਨਾਨਿ ਚ,
ਆਰਾਮਰੁਕਖਚੇਤਯਾਨਿ, ਮਨੁੱਸਾ ਭਯਤੱਜਿਤਾ॥ 188॥

ਨੇਤੰ ਖੋ ਸਰਣੰ ਖੇਮੰ, ਨੇਤੰ ਸਰਣੰ ਉੱਤਮੰ।
ਨੇਤੰ ਸਰਣਮਾਗਮੱ, ਸੱਬਦੁਕਖਾ ਪਮੁੱਚਿਤ॥ 189॥

188+189 ਨਿਰੇ ਡਰਾਕਲ ਬੰਦੇ ਲੇਵਣ ਮੱਠ ਪਰਬਤ ਦੀ ਸ਼ਰਨ
ਜਾਂ ਉਹ ਬਨਾਂ ਦੇ ਵਿਚ ਜਾਕੇ ਇਕੱਲਾ ਵਾਸਾ ਕਰਨ।
ਐਪਰ ਇੰਜ ਨਾ ਪਾਵਣ ਉਹ ਤਾਂ ਜੀਵਨ-ਮਈ ਤਸੱਲੀ।
ਅਤੇ ਆਪਣੇ ਦੁੱਖਾਂ ਤਾਈਂ ਮੂਲੋਂ ਨਾ ਪਰ ਹਰਨ॥

ਯੋ ਚ ਬੁਦਧੰ ਚ ਮੱਮੰਚ, ਸੰਘ ਚ ਸਰਣੰ ਗਤੋ।
ਚੱਤਾਰਿ ਅਰਿਯਸੱਚਾਨਿ, ਸੱਮੱਪਞਾ ਪੱਸਤਿ॥ 190॥

190- ਗਿਆਨ ਧਰਮ ਦੀ ਸਤ-ਸੰਗਤ ਦੀ ਜਿਹੜਾ ਸ਼ਰਨੀ ਆਵੇ।
ਚਾਰੇ ਉਤਮ ਤੱਤਾਂ ਤਾਈਂ ਉਹ ਸਹਿਜੇ ਅਪਨਾਵੇ।
ਅਤੇ ਆਪਣੇ ਪਾਪਾਂ ਤਾਈਂ ਬਿਲਕੁਲ ਆਪ ਮਿਟਾਵੇ।
ਜੀਵਨ-ਮੁਕਤੀ ਵਾਲੇ ਹਰਦਮ ਅਮਿਓ- ਖਾਣੇ ਖਾਵੇ॥

ਦੁਕਖੰ ਦੁਕਖਸਮੁੱਪਾਦ ਦੁਕਖੱਸ ਚ ਅਤਿੱਕਮੰ।
ਅਰਿਯੰ ਚਟਠੰਗਿਕੰ ਮੱਗੋ, ਦੁਕਖੂਪਸਮਾਗਾਮਿਨੰ॥ 191॥

191- ਅਸ਼ਟ-ਮਤ ਬੁੱਧ ਦਾ ਦਰਸਾਇਆ ਸਭ ਦੁੱਖਾਂ ਨੂੰ ਖੋਹਵੇ।
ਅਤੇ ਜੀਵਨ ਅੰਦਰ ਬੀ ਤਾਂ ਹਰੀਨਾਮ ਦਾ ਬੋਵੇ।
ਜਿਹੜਾ ਕਰੇ ਇਸ ਮਾਰਗ ਨੂੰ ਆਪਣਾ ਪ੍ਰੀਤੰ ਆਧਾਰ।
ਉਹੀ ਹਊਮੈਂ ਦੇ ਪਾਪਾਂ ਦਾ, ਸਹਿਜੇ ਧੋਣਾ ਧੋਵੇ॥

ਏਤੰ ਖੋ ਸਰਣੰ ਖੇਮੰ, ਏਤੰ ਸਰਣੰ ਉਤਮੰ।
ਏਤੰ ਸਰਣਮਾਗਮੱ, ਸੱਬਦੁਕਖਾ ਪਮੁੱਚਤਿ॥ 192॥

192- ਬੁੱਧ ਦੇ ਅਸ਼ਟ ਮਾਰਗ ਦੀ ਸ਼ਰਨ ਹੈਵੇ ਸਦ ਸੁਖਦਾਈ।
ਇਸ ਮਾਰਗ ਦੀ ਸ਼ਰਨ ਕਰ ਦੇਵੇ ਜਗ ਦੀ ਅਮਰ ਭਲਾਈ।
ਇਸ ਮਾਰਗ ਦੀ ਸ਼ਰਨ ਦੇਵੇ ਸੱਚ ਦੇ ਨਾਲ ਮਿਲਾ,
ਇਸ ਮਾਰਗ ਦੀ ਸ਼ਰਨ ਦੇਵੇ ਜੀਵਨ ਯੋਗ ਸਥਾਈ॥

ਦੁੱਲਭੋ ਪੁਰਿਸਾਜਞੋ ਨ ਸੋ ਸੱਬਤਥ ਜਾਯਤਿ।
ਯਤਥ ਸੋ ਜਾਯਤਿ ਧੀਰੋ, ਤੰ ਕੁਲੰ ਸੁਖਮੇਧਤਿ॥ 193॥

193- ਸੱਚੇ ਗਿਆਨੀ ਦਾ ਤਾਂ ਦਰਸ਼ਨ ਹੈ ਜਗ ਵਿਚ ਦੁਰਲਭ।
ਹਰ ਸਮੇਂ ਵਿਚ ਸੱਚਾ ਗਿਆਨੀ ਮੂਲ ਨਾ ਸਕੇ ਲੱਭ।
ਜਿਸ ਕੁਲ ਅੰਦਰ ਸਚਾ ਗਿਆਨੀ ਹੈਵੇ ਉਤਪੰਨ ਸਹਿਜੇ,
ਉਸ ਕੁਲ ਰਾਹੀਂ ਉਨੱਤ ਹੋਵੇ ਸੱਚ-ਮੁੱਚ ਜਗਤ ਸਭਾ॥

ਸੁਖੋ ਬੁਦਧਾਨਮੁੱਪਾਦੋ, ਸੁਖਾ ਸਦਧੱਮਦੇਸਨਾ।
ਸੁਖਾ ਸੰਘੱਸ ਸਾਮੱਗੀ, ਸਮੱਗਾਨੰ ਤਪੋ ਸੁਖੋ॥ 194॥

194- ਗਿਆਨੀ ਵਾਲਾ ਜਨਮ ਹੈਵੇ ਕੁਲ ਖਾਤਰ ਸੁੱਖਦਾਈ।
ਸਤਿ-ਧਰਮ ਦੇ ਪਾਲਣ ਨਾਲੇ ਮਿਲੇ ਜੀਣ ਵਧਾਈ।
ਸ਼ਤਿ-ਸੰਗਤ ਵਿਚ ਸ਼ਾਮਲ ਹੋਣਾ ਸੁਖ ਕਰਦੈ ਪਰਦਾਨ।
ਸਤਿ-ਸੰਗਤ ਵਿਚ ਕੀਤਾ ਤੱਪ ਤਾਂ ਬਖ਼ਸ਼ੇ ਧਾਮ ਸਥਾਈ।

ਪੂਜਾਰਹੇ ਪੂਜਯਤੋ, ਬੁਦਧੋ ਯਦਿ ਵਾਸਾਵਕੋ।
ਪਪੰਚਸਮਤਿੱਕੰਤੇ, ਤਿੱਣਸੋਕਪਰਿਦੱਵੇ॥ 195॥
ਤੇ ਤਾਦਿਸੇ ਪੂਜਯਤੋ, ਨਿੱਬੁਤੇ ਅਕੁਤੋਭਯੋ।
ਨ ਸੱਕਾ ਪੁੰਞੰ ਸੰਖਾਤੁੰ, ਇਮੇੱਤੰ ਅਪਿ ਕੇਨਚਿ॥ 196॥

195+196 ਗਿਆਨਵਾਨਾਂ ਵਾਲਾ ਜਿਹੜਾ ਰੱਖਦੇ ਆਦਰ-ਭਾ।
ਜੀਵਨ ਮੁਕਤਾਂ ਵਾਲੀ ਜਿਹੜਾ ਕਰਦੈ ਸਚੀ ਸੇਵਾ।
ਪਰਮਵਾਨਾਂ ਦੀ ਜਗ ਅੰਦਰ ਜਿਹੜਾ ਕਰਦੈ ਪੂਜਾ।
ਕਹੀ ਜਾਂਦੀ ਨਹੀਂ ਉਸ ਦੀ ਪੁੰਨਾਂ ਵਾਲੀ ਮਹਿਮਾ॥

ਪੰਦਰ੍ਹਵਾਂ ਵੱਗ

ਸੁਖਵੱਗੋ (ਸੁਖ ਵਰਗ)

ਸੁਖੁਖੰ ਵਤ ਜੀਵਾਮ ਵੇਰਿਨੇਸੁ ਅਵੇਰਿਨੋ।
ਵੇਰਿਨੇਸੁ ਮਨੁੱਸੇਸੁ ਵਿਹਰਾਮ ਅਵੇਰਿਨੋ॥ 197॥

197– ਵੈਰ-ਭਾਵ ਨੂੰ ਤੱਜ ਕੇ ਰਹੀਏ ਵਿਚ ਦੁਸ਼ਮਨਾਂ ਆਪੇ।
ਕਰੀਏ ਉਨ੍ਹਾਂ ਨਾਲ ਭਲਾ ਜੋ ਨਫ਼ਰਤ ਕਰਦਾ ਜਾਪੇ।
ਤੇ ਉਨ੍ਹਾਂ ਦੇ ਵਿਚ ਦੇਖੀਏ ਸੱਚਾ ਸਾਹਿਬ ਏਕ।
ਤਾਂ ਇਤ ਉਤ ਦਾ ਦੁੱਖ ਅਸਾਨੂੰ ਹਰਗਿਜ਼ ਨਾ ਸੰਤਾਪੇ॥
ਸੁਖੁਖੰ ਵਤ ਜੀਵਾਮ ਆਤੁਰੇਸੁ ਅਨਾਤੁਰਾ।
ਆਤੁਰੇਸੁ ਮਨੁੱਸੇਸੁ ਵਿਹਰਾਮ ਅਨਾਤੁਰਾ॥ 198॥

198– ਸਦਾ ਅਰੋਗੀ ਬਣ ਕੇ ਰਹੀਏ ਬੀਮਾਰਾਂ ਵਿਚਕਾਰ।
ਸਦਾ ਸ਼ਾਂਤ ਮਨ ਬਣ ਕੇ ਰਹੀਏ ਆਤਰ ਜਨ ਵਿਚਕਾਰ।
ਸਦਾ ਉਨ੍ਹਾਂ ਦੀ ਸੇਵਾ ਕਰੀਏ ਛੱਡ ਕੇ ਸਭ ਹੰਕਾਰ।
ਜਗ ਦਾ ਬਹੁਤਾ ਕਰ ਲਵਾਂਗੇ ਆਪਣੇ ਆਪ ਸੁਧਾਰ॥
ਸੁਖੁਖੰ ਵਤ ਜੀਵਾਮ ਉੱਸੁਕੇਸੁ ਅਨੁੱਸੁਕਾ।
ਉਸੁੱਕੇਸੁ ਮਨੁੱਸੇਸੁ, ਵਿਹਰਾਮ ਅਨੁੱਸੁਕਾ॥ 199॥

199– ਵੈਰਾਗੀ ਜਨ ਬਣ ਕੇ ਰਹੀਏ ਵਾਸ਼ਨਾ ਮਈ ਜਗਤ ਵਿਚ।
ਚਿੰਤਾਵਾਨਾਂ ਅੰਦਰ ਰਹੀਏ ਚਿੰਤਾ ਹੀਨ ਹਮੇਸ਼ਾ।
ਲੋਭ ਲਾਲਚ ਤ੍ਰਿਸ਼ਨਾਂ ਨੂੰ ਛਡ ਕੇ ਰਹੀਏ ਸਦਾ ਸ਼ਾਂਤ ਮਨ।
ਸਹਿਜ ਸੁਭਾਵਕ ਮਿਟ ਜਾਏਗੀ ਸਾਡੇ ਮਨ ਦੀ ਚਿੰਤਾ॥
ਸੁਖੁਖੰ ਵਤ ਜੀਵਾਮ ਯੇਸੰ ਨੋ ਨਤਥਿ ਕਿੰਚਨੰ।
ਪੀਤਿਭਕਖਾਭਵਿੱਸਾਮ, ਦੇਵਾ ਆਭੱਸਰਾ ਯਥਾ॥ 200॥

200– ਸੁਖ-ਪੂਰਬਕ ਰਹੀਏ ਅਸੀਂ ਹਰਦਮ ਬਣ ਕੇ ਸਾਦਾ।
ਨਿਰ-ਹਉਂ ਹੋਕੇ ਇਹ ਸਮਝੀਏ ਕੁਝ ਵੀ ਨਹੀਂ ਅਸਾਡਾ।
ਸੱਚੀਂ ਮੁੱਚੀਂ ਜੋਤ-ਸਰੂਪੀ ਵਾਕਰ ਜਗ ਵਿਚਕਾਰ।

ਸਦਾ ਆਨੰਦ ਮਈ ਰਹਿਣਾ ਸਾਡੀ ਹੈ ਜੀਵਨ ਮਰਯਾਦਾ॥

ਜਯੰ ਵੇਰੰ ਪਸਵਤਿ, ਦੁਕਖੰ ਸੇਤਿ ਪਰਾਜਿਤੋ,
ਉਪਸੰਤੋ ਸੁਖੰ ਸੇਤਿ ਹਿਤਵਾ ਜਯਪਰਾਜਯੰ॥ 201॥

201- ਜਗ ਦੇ ਅੰਦਰ ਜਿੱਤ ਹੈ ਕਰਦਾ ਵੈਰ-ਭਾਵ ਨੂੰ ਪੈਦਾ।
ਹਾਰਿਆ ਹੋਇਆ ਸੁਖ ਦੀ ਨੀਂਦਰ ਕਦੇ ਸੌਂ ਨਹੀਂ ਸਕਦਾ।
ਸੱਚ ਪਰਾਇਣ ਜਨ ਜੋ ਹੋਵੇ ਜਿੱਤ-ਹਾਰ ਤੋਂ ਉਚਾ।
ਉਹੀਂ ਜਗ ਦੇ ਅੰਦਰ ਸਦਾ ਸ਼ਾਂਤ ਚਿੱਤ ਹੈ ਰਹਿੰਦਾ॥

ਨਤਥਿ ਰਾਗਸਮੋ ਅੱਗਿ, ਨਤਥਿ ਦੋਸਸਮੋ ਕਲਿ।
ਨਤਥਿ ਖੰਧਸਮਾ ਦੁਕਖਾ, ਨਤਥਿ ਸੰਤਿਪਰੰ ਸੁਖੰ॥ 202॥

202- ਵਿਸ਼ੇ ਮੋਹ ਦੇ ਵਾਕਰ ਅੱਗ ਤਾਂ ਦੂਜੀ ਕੋਈ ਨਾਹੀਂ।
ਦੋਖ ਦੇ ਵਾਕਰ ਦੂਜਾ ਝਗੜਾ ਕੋਈ ਨਾਹੀਂ ਜਗ ਮਾਹੀਂ।
ਜਨਮ-ਮਰਨ ਦੇ ਚੱਕਰ ਵਾਕਰ ਹੋਰ ਨਹੀਂ ਹੈ ਦੁੱਖ।
ਸਰਵੋਤਮ ਸੁਖ ਮਿਲੇ ਕੇਵਲ ਮਨ ਦੀ ਸ਼ਾਂਤੀ ਰਾਹੀਂ॥

ਜਿਘਚਛਾ ਪਰਮਾ ਰੋਗਾ, ਸੰਖਾਰਾ ਪਰਮਾ ਦੁਖਾ।
ਏਤੰ ਞਤਵਾ ਯਥਾਭੂਤੰ, ਨਿੱਬਾਨੰ ਪਰਮੰ ਸੁਖੰ॥ 203॥

203- ਭੁੱਖ ਨੂੰ ਸਿੰਜਣ ਵਾਲੀ ਇੱਛਾ ਰੋਗਾਂ ਨੂੰ ਕਰ ਦੇਵੇ ਪੈਦਾ।
ਭੁੱਖ ਨੂੰ ਸਿੰਜਣ ਵਾਲੇ ਸੰਸੇ ਦੁਖਾਂ ਤਾਈਂ ਦੇਣ ਉਪਾ।
ਪੰਚ ਤੱਤਾਂ ਦਾ ਬਣਿਆ ਬੰਦਾ ਦੁੱਖਾਂ ਦੇ ਅੰਦਰ ਸਦਾ ਰਹੇ।
ਇਸ ਗਿਆਨ ਦਾ ਜਾਣੂ ਬੰਦਾ ਨਿਰਵਾਣ ਸੁਖ ਨੂੰ ਲੈਂਦੇ ਪਾ॥

ਆਰੋਗਯਪਰਮਾ ਲਾਭਾ, ਸੰਤੁਟਨਿਪਰਮੰ ਧਨੰ।
ਵਿੱਸਾਸਪਰਮਾ ਵਾਤਿ ਨਿੱਬਾਨੰ ਪਰਮੰ ਸੁਖੰ॥ 204॥

204- ਦੇਹ-ਅਰੋਗ ਹੈ ਉੱਤਮ ਲਾਭ, ਦਿੱਵ-ਸੰਤੋਖ ਹੈ ਪਰਮ-ਧਨ
ਮੁਕਤੀ ਹੈਵੇ ਪਰਮ ਸੁਖ ਤੇ ਨਿਸਚਾ ਪਰਮ ਹੈ ਸੁਨਨ।
ਸੱਚੀ ਮੁੱਚੀਂ ਜਿਹੜਾ ਲਾਵੇ ਹਰਿ-ਸਿਮਰਨ ਵਿਚ ਆਪਣਾ ਮਨ,
ਉਹੀ ਹੋਵੇ ਸੱਚਾ-ਸੁੱਚਾ ਜਗ ਦੇ ਅੰਦਰ ਦੈਵੀ ਜਨ॥

ਪਵਿਵੇਕਰਸੰ ਪਿਤਵਾ, ਰਸੰ ਉਪਸਮੱਸ ਚ।
ਨਿੱਦਰੋ ਹੋਤਿ ਨਿੱਪਾਪੋ, ਧੱਮਪੀਤਿਰਸੰ ਪਿਵੰ॥ 205॥

205- ਗਿਆਨ ਸੁਧਾ ਤੇ ਸ਼ਾਂਤ ਰਸ ਨੂੰ ਜਿਹੜਾ ਜਗ ਵਿਚ ਪੀਵੇ।
ਧਰਮ ਦੇ ਮਿੱਠੇ ਰਸ ਨੂੰ ਪੀਕੇ ਮੁਕਤ ਹੋਕੇ ਜੀਵੇ।
ਸਿਮਰਨ ਬਾਝੋਂ ਜੀਵਨ ਅੰਦਰ ਮਿਲੇ ਨਾ ਜੀਵਨ-ਸੁਖ।

ਕੇਵਲ ਸਚ ਪਰਾਇਣ ਜਨ ਤਾਂ ਓੜਕ ਖੁਦ ਰੱਸ-ਥੀਵੇ॥
ਸਾਹੁ ਦੱਸਨਮਰਿਯਾਨੰ, ਸੱਨਿਵਾਸੋ ਸਦਾਸੁਖੋ।
ਅਦੱਸਨੇਨ ਬਾਲਾਨੰ, ਨਿੱਚਮੇਵ ਮੁਖੀ ਸਿਯ॥ 206॥

206- ਸਤ-ਪੁਰਖਾਂ ਦੀ ਦਰਸ਼ਨ ਹੈਵੇ ਸਦਾ ਸਦਾ ਗੁਣਕਾਰੀ।
ਕਿਉਂਕਿ ਉਹ ਤਾਂ ਕਰ ਲੈਂਦੇ ਨੇ ਸੁਹਣੀ ਜੀਣ ਉਸਾਰੀ।
ਐਪਰ ਸੰਗਤ ਮੂਰਖ ਵਾਲੀ ਹਰਦਮ ਹੈ ਦੁਖ ਦਾਈ।
ਕਿਉਂ ਜੋ ਪਾਪਾਂ ਰਾਹੀਂ ਉਨ੍ਹਾਂ ਜੀਵਨ-ਖੇਡ ਹੈ ਹਾਰੀ॥
ਬਾਲਸੰਗਤਚਾਰੀ ਹਿ, ਦੀਘਮੱਦਧਾਨਸੋਚਤਿ।
ਦੁਕਖੋ ਬਾਲੇਹਿ ਸੰਵਾਸੋ, ਅਮਿੱਤੇਨੇਵ ਸੱਬਦਾ।
ਧੀਰੋ ਚ ਸੁਖਸੰਵਾਸੋ, ਵਾਤੀਨੰ ਵ ਸਮਾਗਮੋ॥ 207॥

207- ਜੀਵਨ-ਮੱਗ ਤੇ ਮੂਰਖ ਵਾਲੀ ਸੰਗਤ ਹੈ ਦੁਖਦਾਈ।
ਦੁਸ਼ਮਨ ਵਾਕਰ ਬੁਰਾ ਸੰਗ ਤਾਂ ਦੇਵੇ ਦੁਖ ਅਧਿਕਾਈ।
ਜੀਵਨ-ਮਗ ਤੇ ਸੰਗਤ ਕਰੀਏ ਹਰਦਮ ਸਜਣ ਨਾਲ,
ਕਿਉਂ ਜੋ ਏਹੀ ਸੰਗਤ ਬਣੇ ਮਿੱਤਰ ਵਾਂਗ ਸੁਖਦਾਈ॥
ਧੀਰੰ ਚ ਪੱਞੰ ਚ ਬਹੁੱਸੁਤੰ ਚ, ਘੋਰਯਹਸੀਲੰ ਵਤਵੰਤਮਾਰਿਯੰ।
ਤੰ ਭਾਦਿਸੰ ਸੱਪੁਰਿਸੰ ਸੁਮੇਧੰ। ਭਜੇਥ ਨਕਖੱਤਪਥੰ ਵ ਚੰਦਿਮਾ॥ 208॥

208- ਉਨ੍ਹਾਂ ਪੁਰਖਾਂ ਵਾਲੀ ਸੰਗਤ ਕਰੀਏ ਜਗ ਵਿਚਕਾਰ।
ਜਿਹੜੇ ਹੈਵਨ ਧੀਰ ਤੇ ਦਾਨੇ ਕੋਮਲ ਤੇ ਸਚਿਆਰ।
ਤੇ ਉਨ੍ਹਾਂ ਦੇ ਧਰਮ ਵਾਲਾ ਮਗ ਪਾਲਣ ਕਰੀਏ ਇੰਜ।
ਜੀਕਣ ਚੰਨ ਤਾਰਾਗਣ ਵਾਲਾ ਮਾਰਗ ਲੇਵੇ ਧਾਰ॥

ਸੋਲਵਾਂ ਵੱਗ

ਪਿਯਵੱਗੋ (ਪ੍ਰਿਯ ਵਰਗ)

ਅਯੋਗੇ ਯੁਜਮੱਤਾਨੰ, ਯੋਗਸਮਿੰ ਚ ਅਯੋਜਯੰ।
ਅਤਥੰ ਹਿਤਵਾ ਪਿਯੱਗਾਹੀ, ਪਿਹੇਤੱਤਾਨੁਯੋਗਿਨੰ॥ 209॥

209- ਪੱਥ-ਯੋਗ ਤੋਂ ਹਟ ਕੇ ਜਿਹੜਾ ਪੱਥ ਅਯੋਗ ਤੇ ਜਾਏ।
ਨਿੱਜ-ਹਿੱਤਾਂ ਨੂੰ ਛਡ ਕੇ ਜਿਹੜਾ ਮੋਹ ਚਸਕੇ ਅਪਨਾਏ।
ਮੋਖ ਦੇ ਰਾਹ ਨੂੰ ਭੁਲ ਕੇ ਓਹੀ ਸਾੜੇ ਤਾਈਂ ਪਾਏ।
ਅਤੇ ਜਗ ਦੇ ਅੰਦਰ ਕੋਝਾ ਮੂਰਖ ਆਪ ਕਹਾਏ॥

ਮਾ ਪਿਯੇਹਿ ਸਮਾਗੰਛਿ, ਅੱਪਿਯੇਹਿ ਕੁਦਾਚੰਨੰ।
ਪਿਯਾਨੰ ਅਦੱਸਨੰ, ਦੁਕਖੰ, ਅੱਪਿਯਾਨੰ ਚ ਦੱਸਨੰ॥ 210॥

210- ਚੰਗ-ਮੰਦ ਸੰਸਾਰਕ ਅੰਦਰ ਮੋਹ ਨਾ ਕਰੀਏ ਪੈਦਾ।
ਕਿਉਂ ਜੋ ਏਹੀ ਮੋਹ ਤਾਂ ਦਿੰਦੈ ਆਵਾਗਵਣ 'ਚ ਪਾ।
ਜੀਕਣ ਚੰਗ ਤੋਂ ਵੰਚਿਤ ਹੋਣਾ ਦਿੰਦੈ ਦੁੱਖ ਉਪਾ।
ਈਕਣ ਮੰਦ ਦਾ ਪਾਣਾ ਦਿੰਦੈ, ਜੀਵਨ ਨੂੰ ਦੁੱਖਿਆ॥

ਤਸਮਾ ਪਿਯੰ ਨ ਕਇਰਾਥ, ਪਿਯਾਪਾਯੋ ਹਿ ਪਾਪਕੋ।
ਗੰਥਾ ਤੇਸੰ ਨ ਵਿੱਜੰਤਿ, ਯੇਸੰ ਨਤਥਿ ਪਿੱਯਾਪਿਯੰ॥ 211॥

211- ਕਿਸੇ ਵਸਤ ਦੇ ਮੋਹ ਵਿਚ ਫਸਣਾ ਹਰਗਿਜ਼ ਨਹੀਂ ਚੰਗਾ।
ਕਿਉਂ ਜੋ ਏਹੀ ਮੋਹ ਹਮੇਸ਼ਾ ਦੁਖਦਾਈ ਹੈ ਹੁੰਦਾ।
ਮੋਹ ਮਾਇਆ ਦਾ ਚੇਲਾ ਹੋਵੇ ਬੰਧਨ ਵਾਲਾ ਜਗ ਵਿਚ
ਬੰਧਨ ਰਹਿਤ ਹੈ ਮੋਹ-ਮਾਇਆ ਤੋਂ ਛੁਟਿਆ ਹੈਵੇ ਜਿਹੜਾ।

ਪਿਯਤੋ ਜਾਯਤੀ ਸੋਕੇ, ਪਿਯਤੋ ਜਾਯਤੀ ਭਯੰ।
ਪਿਯਤੋ ਵਿੱਪਮੁੱਤੱਸ, ਨਤਥਿ ਸੋਕੇ ਕੁਤੋ ਭਯੰ॥ 212॥

212- ਮਾਇਕ ਵਸਤਾਂ ਵਾਲੇ ਮੋਹ ਤੋਂ ਦੁੱਖ ਹੁੰਦਾ ਹੈ ਪੈਦਾ।
ਮਾਇਕ ਵਾਲੇ ਮੋਹ ਤੋਂ ਪੈਦਾ ਓੜਕ ਭੈ ਹੈ ਹੁੰਦਾ।

ਮੋਹਵਾਨ ਤਾਂ ਜਗ ਵਿਚ ਹੁੰਦੈ ਰੋਗੀ ਤੇ ਬਦਕਾਰ।
ਕੇਵਲ ਜਨ ਨਿਰਮੋਹੀ ਹੁੰਦੈ ਦੁੱਖ-ਭੈ ਨਾਲੋਂ ਉੱਚਾ॥
ਪੇਮਤੋ ਜਾਯਤੀ ਸੋਕੇ, ਪੇਮਤੋ ਜਾਯਤੀ ਭਯੰ।
ਪੇਮਤੋ ਵਿੱਪਮੁੱਤੱਸ, ਨਤਥਿ ਸੋਕੇ ਕੁਤੋ ਭਯੰ॥ 213॥

213- ਮਾਇਕ-ਮੋਹ ਦੇ ਨਾਲੇ ਓੜਕ ਦੁੱਖ ਹੈ ਪੈਦਾ ਹੁੰਦਾ।
ਮਾਇਕ-ਮੋਹ ਤਾਂ ਓੜਕ ਦਿੰਦੈ ਭੈ ਨੂੰ ਆਪ ਉਪਾ।
ਮਾਇਕ-ਮੋਹ ਹੈ ਬੰਦੇ ਤਾਈਂ ਸੱਚ ਤੋਂ ਵੰਚਿਤ ਕਰਦਾ।
ਮਾਇਕ ਮੋਹ ਤੋਂ ਉਚਾ ਹੁੰਦੈ ਦੁੱਖ ਭੈ ਨਾਲੋਂ ਛੁਟਾ॥
ਰਤਿਯਾ ਜਾਯਤੀ ਸੋਕੇ, ਰਤਿਯਾ ਜਾਯਤੀ ਭਯੰ।
ਰਤਿਯਾ ਵਿੱਪਮੁੱਤੱਸ, ਨਤਥਿ ਸੋਕੇ ਕੁਤੋ ਭਯੰ॥214॥

214- ਮਾਯਾਵੀ ਆਸਕਤੀ ਨਾਲੇ ਦੁੱਖ ਹੈ ਪੈਦਾ ਹੁੰਦਾ।
ਮਾਯਾਵੀ ਆਸਕਤੀ ਨਾਲੇ ਭੈ ਹੈ ਪੈਦਾ ਹੁੰਦਾ।
ਮਾਯਾਵੀ ਆਸਕਤੀ ਨਾਲੇ ਉੱਚਾ ਦੁਖ ਨਹੀ ਪਾਂਦਾ ।
ਮਾਇਕ ਮੋਹ ਤੋਂ ਛੁਟਾ ਬੰਦਾ ਨਿਰਭੈ ਪਦ ਹੈ ਪਾਂਦਾ॥
ਕਾਮਤੰ ਜਾਯਤੀ ਸੋਕੇ, ਕਾਮਤੋ ਜਾਯਤੀ ਭਯੰ।
ਕਾਮਤੋ ਵਿੱਪਮੁੱਤੱਸ, ਨਤਥਿ ਸੋਕੇ ਕੁਤੋ ਭਯੰ॥ 215॥

215- ਕਾਮ ਲਾਲਸਾ ਹੈ ਦੁਖਦਾਈ ਭਾਰੀ ਦੁੱਖ ਹੈ ਦਿੰਦੀ।
ਕਾਮ ਲਾਲਸਾ ਹੈ ਭੈਦਾਇਕ ਭਾਰੀ ਭੈ ਹੈ ਦਿੰਦੀ।
ਕਾਮ ਲਾਲਸਾ ਤੋਂ ਉਚਾ ਜਨ ਦੁਖ ਭੈ ਤੋਂ ਬਚੇ।
ਕਾਮ ਲਾਲਸਾ ਤੋਂ ਉਚਾ ਜਨ ਲਏ ਸਹਿਜ ਨੂੰ ਪਾ॥
ਤਣਹਾਯ ਜਾਯਤੀ ਸੋਕੇ, ਤਣਹਾਯ ਜਾਯਤੀ ਭਯੰ।
ਤਣਹਾਯ ਵਿੱਪਮੁੱਤੱਸ, ਨਤਥਿ ਸੋਕੇ ਕੁਤੋ ਭਯੰ॥ 216॥

216- ਮਾਇਆ ਮਈ ਤ੍ਰਿਸ਼ਨਾ ਤੋਂ ਹੀ ਦੁੱਖ ਹੈ ਪੈਦਾ ਹੁੰਦਾ।
ਮਾਇਆ-ਮਈ ਤ੍ਰਿਸ਼ਨਾ ਤੋਂ ਹੀ ਭੈ ਹੈ ਪੈਦਾ ਹੁੰਦਾ।
ਮਾਇਕ ਤ੍ਰਿਸ਼ਨਾ ਤੋਂ ਉੱਚਾ ਜਨ ਦੁੱਖ ਭੈ ਤੋਂ ਛੁਟ ਜਾਂਦੈ।
ਮਾਇਕ ਤ੍ਰਿਸ਼ਨਾ ਤੋਂ ਉੱਚਾ ਜਨ ਸੱਚ ਦੇ ਵਿਚ ਸਮਾਂਦੈ॥
ਸੀਲਦੱਸਨਸੰਪੰਨੋ, ਧੱਮਟਠੋ ਸੱਚਵੇਦਿਨੋ।
ਅੱਤਨੋ ਕੱਮ ਕੁੰਬਾਨੋ, ਤੰ ਜਨੋ ਕੁਰੁਤੋ ਪਿਯੰ॥ 217॥

217- ਜਿਹੜਾ ਹੈ ਚਰਿਤਰ-ਵਾਲਾ ਅਤੇ ਹੈ ਬੁਧੀਮਾਨ।
ਧਰਮਵਾਨ ਹੈ ਸਤਵਾਦੀ ਹੈ ਅਤੇ ਹੈ ਖ਼ਰਾ ਸੁਜਾਨ।

ਅਤੇ ਰਹਿੰਦੈ ਕਰਤਵ ਅੰਦਰ ਸਹਿਜੇ ਹੀ ਲਿਵਲੀਨ।
ਉਹੀ ਜਗ ਵਿਚ ਸਭ ਲੋਕਾਂ ਦਾ ਪਾਵੇ ਪਿਆਰ ਤੇ ਮਾਨ॥
ਛੰਦਜਾਤੋ ਅਨਕਖਾਤੇ, ਮਨਸਾ ਚ ਫੁਟੋ ਸਿਯਾ।
ਕਾਮੇਸੁ ਚ ਅੱਪਟਿਹਬਦ ਧਚਿੱਤੋ, ਉਦਧੰਸੋਤੋ ਤਿ ਵੁੱਚਤਿ॥ 218॥

218- ਜਿਸ ਮਨ ਅੰਦਰ ਮੁਕਤੀ ਵਾਲੀ ਉਪਜੀ ਹੈਵੇ ਆਸ਼ਾ।
ਜਿਹੜਾ ਆਪਣੇ ਮਨ ਵਿਚ ਰਹਿੰਦੈ ਸਦਾ ਸਦਾ ਪ੍ਰਸੰਨ।
ਜਿਸ ਦਾ ਮਨ ਹੈ, ਮੋਹ ਮਾਇਆ ਦੀ ਲੋਚਾ ਨਾਲੋਂ ਉੱਚਾ।
ਵਲ ਸਵਰਗਾਂ ਵਹਿਣ ਵਾਲਾ ਉਹ ਹੈ ਸੋਮਾ ਸੁੱਚਾ॥
ਚਿਰਪਵਾਸਿੰ ਪੁਰਿਸੰ, ਦੂਰਤੋ ਸੋਤਥਿਮਾਗਤੰ।
ਵਤਿਮਿੱਤਾ ਸੁੱਹਜਾ ਚ, ਅਭਿਨੰਦੰਤਿ ਆਗਤੰ॥ 219॥
ਤਥੇਵ ਕਤਪੁੱਵੰਪਿ, ਅਸਮਾ ਲੋਕਾ ਪਰੰ ਗਤੰ।
ਪੁੱਵਾਨਿ ਪਟਿਗਣ੍ਹੰਤਿ, ਪਿਯੰਵਾਤੀਵ ਆਗਤੰ॥ 220॥

219+ ਪਰਦੇਸਾਂ ਤੋਂ ਵਾਪਸ ਜੀਕਣ ਖੁਸ਼ੀ ਸਹਿਤ ਕੋਈ ਆਏ।
220 ਤਾਂ ਉਹ ਮਿੱਤਰਾਂ ਸਾਕਾਂ ਕੋਲੋਂ ਪ੍ਰੇਮ ਸੁਆਗਤ ਪਾਏ।
ਈਕਣ ਜਦ ਕਿ ਪੁੰਨ-ਆਤਮਾ ਸਵਰਗ ਲੋਕ ਵਿਚ ਜਾਏ।
ਆਪਣੇ ਪੁੰਨ-ਮਯ ਯਾਰਾਂ ਤੋਂ ਜੀ ਆਇਆ ਨੂੰ ਅਖਵਾਏ॥

ਸਤਾਰਵਾਂ ਵੱਗ

ਕੋਧਵੱਗੋ (ਕਰੋਧ ਵਰਗ)

ਕੋਧੰ ਜਹੇ ਵਿੱਪਜਹੇੱਯ ਮਾਨੰ, ਸੰਯੋਜਨੰ ਸੱਬਮਤਿੱਕਮੇਯੱ।
ਤੰ ਨਾਮਰੂਪਸਮਿਮਸੱਜਮਾਨੰ। ਅੱਕਿੰਚਨੰ ਨਾਨੁਪਤੰਤਿ ਦੁਕਖਾ॥ 221॥

221- ਜਿਹੜਾ ਛੱਡੇ ਰੋਹ ਤੇ ਹਉਂ ਨੂੰ ਮਾਇਕ ਕੈਦਾਂ ਤੋੜੇ।
ਕਾਮ-ਰੂਪ ਦੀ ਦੁਨੀਆ ਅੰਦਰ ਜਿਹੜਾ ਰੂਹ ਨਾ ਬੋੜੇ।
ਅਤੇ ਜਿਹੜਾ ਹਰਦਮ ਰਹਿਵੇ, ਜਪ-ਤਪ ਅੰਦਰ ਜੁਟਿਆ।
ਕਸ਼ਟਾਂ ਵਾਲੇ ਹੱਲੇ ਨੂੰ ਉਹ ਜੇਤੂ ਹੋਕੇ ਬਹੁੜੇ।

ਯੋ ਵੋ ਉਪਤਿਤੰ ਕੋਧੰ, ਰਥੰ ਭੰਤੰ ਵ ਧਾਰਯੇ।
ਤਮਹੰ ਸਾਰਥਿੰ ਬਰੂਮਿ ਰਸਮਿੱਗਾਹੋ ਇਤਰੋ ਜਨੋ॥ 222॥

222- ਉੱਠਦੇ ਰੋਹ ਤੇ ਜਿਹੜਾ ਈਕਣ ਜਲਦੀ ਕਾਬੂ ਪਾਵੇ।
ਰਥਵਾਨ ਜਿਉਂ ਭਟਕੇ ਰੱਥ ਨੂੰ ਫੇਰਨ ਰਾਹ ਤੇ ਪਾਵੇ।
ਉਹੀ ਜੀਵਨ ਵਾਲੇ ਰਥ ਦਾ ਰਥਵਾਨ ਕਹਿਲਾਵੇ।
ਬਾਕੀ ਤਾਂ ਜਗ ਘੋੜੇ ਵਾਲੀ ਵਾਗ ਨੇ ਪਕੜਨ ਵਾਲੇ॥

ਅੱਕੋਧੇਨ ਜਿਨੇ ਕੋਧੰ, ਅਸਾਧੁ ਸਾਧੁਨਾ ਜਿਨੇ।
ਜਿਨੇ ਕਦਰਿਯੰ ਦਾਨੇਨ, ਸੱਚੇਨਾਲਿਕਵਾਦਿਨੰ॥ 223॥

223- ਸ਼ਾਂਤੀ ਰਾਹੀਂ ਰੋਹ ਨੂੰ ਜਿਤੋ ਪਾਪ ਨੂੰ ਪੁੰਨ ਦੇ ਨਾਲ।
ਦਾਨ ਨਾਲ ਕਿਰਪਨ ਨੂੰ ਜਿਤੋ ਕੂੜ ਨੂੰ ਬਣ ਸਤ-ਪਾਲ।
ਸੱਚ ਬੋਲੋ ਤੇ ਰੋਸ ਨ ਕਰੋ, ਦਾਨ ਦਿਓ ਵਿੱਤ ਨਾਲ।
ਦੇਵਤਿਆਂ ਦੀ ਪਦਵੀ ਪਾਕੇ ਹੋਸੋ ਇੰਜ ਨਿਹਾਲ॥

ਸੱਚੰ ਭਣੇ ਨ ਕੁਜਝੇੱਯ ਦੱਜਾ ਅੱਪੰਪਿ ਯਾਚਿਤੋ।
ਏਤੇਹਿ ਤੀਹਿ ਠਾਨੇਹਿ, ਗਚਛੇ ਦੇਵਾਨ ਸੰਤਿਕੇ॥ 224॥

224- ਸੱਚ ਦਾ ਭਾਸ਼ਨ ਕਰੇ ਜਿਹੜਾ ਨਾ ਕਰੋਧ ਅਪਨਾਵੇ।
ਮੰਗਣ ਵਾਲੇ ਜਾਚਕ ਨੂੰ ਜੋ ਖਾਲੀ ਨਾ ਪਰਤਾਵੇ।

ਉਹੀ ਜਗ ਵਿਚ ਹੋਵੇ ਉਜਵੱਲ ਅਤੇ ਸੁਖੀ ਹਮੇਸ਼ਾ।
ਉਹੀ ਜਗ ਦੇ ਅੰਦਰ ਸੱਚਮੁੱਚ ਦੈਵੀ ਪਦਵੀ ਪਾਵੇ॥
ਅਹਿੰਸਕਾ ਯੇ ਮੁਨਯੋ, ਨਿੱਚੰ ਕਾਯੇਨ ਸੰਵੁਤਾ।
ਤੇ ਯੰਤਿ ਅੱਚੁਤੰ ਫ਼ਾਨੰ ਯਤਥ ਗੰਤਵਾ ਨਾ ਸੋਚਰੇ॥ 225॥

225- ਜਿਹੜੇ ਹੋਣ ਅਹਿੰਸਾ ਵਾਲੇ ਸੰਜਮ ਰੱਖਣ ਪੂਰਾ।
ਸਥਿਰ-ਪਦ ਨੂੰ ਪਾਕੇ ਉਹ ਤਾਂ ਸ਼ੋਕ ਨਾ ਕਰਨ ਉੱਕਾ।
ਜਿਹੜੇ ਰਹਿਣ ਸੁਚੇਤ ਹਮੇਸ਼ਾ ਸੰਜਮ ਰੱਖਣ ਪੂਰਾ।
ਮੁਕਤੀ ਚਾਹਵਣ ਦਿਲੋਂ ਉਹੀ ਕਰ ਲੈਣ ਮਨ ਸੁੱਚਾ॥
ਸਦਾ ਜਾਗਰਮਾਨਾਨੰ, ਅਹੋਰੱਤਾਨੁੰਸਿਕਖਿਨੰ।
ਨਿੱਬਾਨੰ ਅਧਿਮੁੱਤਾਨੰ, ਅਤਥੰ ਗਚਛੰਤਿ ਆਸਵਾ॥ 226॥

226- ਜਿਹੜੇ ਜੱਗ ਦੇ ਅੰਦਰ ਰਹਿਵਣ ਹਰਦਮ ਹੀ ਜਾਗਰਿਤ।
ਜਿਹੜੇ ਸ਼ਵੈ-ਕਾਬੂ ਖਾਤਿਰ ਰਹਿਵਣ ਸਦਾ-ਤਿਆਰ।
ਜਿਹੜੇ ਜੀਵਨ-ਮੋਖਦੀ ਖਾਤਿਰ ਕੋਸ਼ਿਸ਼ ਨੂੰ ਅਪਨਾਣ।
ਉਹੀ ਮਨ ਦੀ ਨਿਰਮਲਤਾ ਨੂੰ ਪਾ ਲੈਣ ਹੁਸ਼ਿਆਰ॥
ਪੋਰਾਣਮੇਤੰ ਅਤੁਲ, ਨੇਤੰ ਅੱਜਤਨਾਮਿਵ।
ਨਿੰਦੰਤਿ ਤੁਣਿਹਮਾਸੀਨੰ, ਨਿੰਦੰਤਿ ਬਹੁਭਾਣਿਨੰ।
ਮਿਤਭਾਣਿੰ ਪਿ ਨਿੰਦਿੰਤਿ, ਨਤਿਥ ਲੋਕੇ ਅਨਿੰਦਿਤੋ॥ 227॥

227- ਚੁਪ ਅਤੇ ਗੱਲਾਧੜ ਤਾਈਂ ਲੋਕੀ ਰੱਜ ਰੱਜ ਨਿੰਦਣ।
ਥੋੜਾ ਬੋਲਣ ਵਾਲੇ ਨੂੰ ਵੀ ਭੈੜਾ ਕਹਿ ਕਹਿ ਵਰਨਣ।
ਦੁਨੀਆਂ ਵਿਚ ਤਾਂ ਨਜ਼ਰ ਨਾ ਆਵੇ ਨਿਰਾ ਅਨਿੰਦਤ ਜਨ।
ਬੋਲਣ ਵਿਚ ਜੋ ਸੰਜਮ ਰਖੇ ਉਹੀ ਆਦਰ ਪਾਵੇ।
ਨ ਚਾਹੁ ਨ ਚ ਭਵਿਸੱਤਿ, ਨ ਚੇਤਰਹਿ ਵਿਜੱਤਿ।
ਏਕੰਤੰ ਨਿੰਦਿਤੋ ਪੋਸੋ, ਏਕੰਤੰ ਵਾ ਪਸੰਸਿਤੋ॥ 228॥

228- ਭੂਤ ਭਵਿੱਖ ਤੇ ਵਰਤਮਾਨ ਵਿਚ ਐਸਾ ਨਾਹੀਂ ਜਨ,
ਉੱਕਾ ਜਿਹੜਾ ਨਿੰਦਤ ਹੋਵੇ ਜਾਂ ਹੋਵੇ ਧਨ ਧਨ।
ਉਸਤਤ ਅਤੇ ਨਿੰਦਾ ਤਾਈਂ ਜਿਹੜਾ ਸਮਕਰ ਜਾਣੇ।
ਕੇਵਲ ਉਹੀ ਮਨ ਆਪਣੇ ਨੂੰ ਰੱਖ ਸਕੇ ਪ੍ਰਸੰਨ॥
ਯੰ ਚੇ ਇੱਞੂ ਪਸੰਸੰਤਿ, ਅਨੁਵਿੱਚ ਸੁਵੇ ਸੁਵੋ।
ਅਚਛਿੱਦਵੁੱਤੰ ਮੇਧਾਵਿੰ, ਪੱਵਾਸੀਲਸਮਾਹਿਤੰ॥ 229॥
ਨਿਕਖੰ ਜੰਬੋਨਦੱਸੇਵ, ਕੋ ਤੰ ਨਿੰਦਿਤੁਮਰਹਤਿ।
ਦੇਵਾ ਪਿਨੰ ਪਸੰਸਤਿ, ਬ੍ਰਹਮੁਨਾ ਪਿ ਪਸੰਸਿਤੋ॥ 230॥

229+230 ਗਿਆਨ ਚਰਿੱਤਰ ਵਾਲੇ ਜਨ ਨੂੰ ਸਲਾਹੁਣ ਵਿੱਦਵਾਨ।
ਸੋਨੇ ਵਰਗੇ ਉਸ ਜਨ ਤਾਈਂ ਪੂਜੇ ਸਗਲ ਜਹਾਨ।
ਦੇਵ-ਲੋਕ ਦੇ ਵਾਸੀ ਵੀ ਸਭ ਉਸ ਦੇ ਜੱਸ ਨੂੰ ਗਾਣ।
ਬ੍ਰਹਮ ਲੋਕ ਦੇ ਰਹਿਵਣ ਵਾਲੇ ਉਸ ਨੂੰ ਸਦ ਉਚਿਆਣ॥
ਕਾਯੱਪਕੋਪੰ ਰਕਖੇਯੱ ਕਾਯੇਨ ਸੰਵੁਤੋ ਸਿਯਾ।
ਕਾਮਦੁੱਚਰਿਤੰ ਹਿਤਵਾ, ਕਾਯੇਨ ਸੁਚਰਿਤੰ ਚਰੇ॥ 231॥

231- ਕਾਇਆ ਸੰਜਮ ਰਾਹੀਂ ਕਰੇ ਜੋ ਜਨ ਆਪਣੀ ਰਖਿਆ।
ਅਤੇ ਕਰੇ ਜਪ, ਤਪ, ਰਾਹੀਂ ਦੇਹ ਸੰਜਮ ਨੂੰ ਪੂਰਾ
ਮੰਦੇ ਚੱਜ ਨੂੰ ਛੱਡੇ ਅਤੇ ਧਾਰੇ ਚਲਣ ਚੰਗਾ।
ਤਾਂ ਉਹ ਈਕਣ ਜੱਗ ਦੇ ਅੰਦਰ ਬਣ ਜਾਏ ਜਨ ਸੱਚਾ॥
ਵਚੀਪਕੋਪੰ ਰਕਖੇਯੱ, ਵਾਚਾਯ ਸੰਵੁਤੋ ਸਿਯਾ।
ਵਚੀਦੁੱਚਰਿਤੰ ਹਿਤਵਾ, ਵਾਚਾਯ ਸੁਚਰਿਤੰ ਚਰੇ॥ 232॥

232- ਬਾਣੀ ਸੰਜਮ ਰਾਹੀਂ ਕਰੇ ਜੋ ਜਨ ਆਪਣੀ ਰਖਿਆ।
ਅਤੇ ਕਰੇ ਦਿਲੋਂ ਮਨੋਂ ਸ਼ਬਦ ਸੰਜਮ ਪੂਰਾ।
ਅਤੇ ਭੈੜੇ ਮਾਰਗ ਨੂੰ ਛੱਡ ਕੇ ਧਾਰੇ ਮਾਰਗ ਚੰਗਾ।
ਤਾਂ ਉਹ ਜਗ ਦੇ ਅੰਦਰ ਬਣੇ ਜਨ ਤਾਂ ਬਿਲਕੁਲ ਸੱਚਾ॥
ਮਨੋਪਕੋਪੰ ਰਕਖੇਯੱ ਮਨਸਾ ਸੰਵੁਤੋ ਸਿਯਾ।
ਮਨੋਦੁੱਚਰਿਤੰ ਹਿਤਵਾ, ਮਨਸਾ ਸੁਚਹਿਤੰ ਚਰੇ॥ 233॥

233- ਮਨ ਕਾਬੂ ਦੇ ਰਾਹੀਂ ਜੋ ਜਨ ਕਰੇ ਆਪਣੀ ਰੱਖਿਆ।
ਅਤੇ ਦਿਲੋਂ ਮਨੋ ਕਰੇ ਮਨ ਦੀ ਜਿੱਤ ਨੂੰ ਪੂਰਾ।
ਅਤੇ ਮਾਨਸਿਕ ਪਾਪਾਂ ਨੂੰ ਛੱਡ ਕੇ ਸਦਾਚਾਰ ਨੂੰ ਧਾਰੇ।
ਤਾਂ ਉਹ ਜਗ ਦੇ ਅੰਦਰ ਬਣੇ ਜਨ ਤਾਂ ਚਲਨ ਵਾਲਾ॥
ਕਾਯੇਨ ਸੰਵੁਤਾ ਧੀਰਾ, ਅਥੋ ਵਾਚਾਯ ਸੰਵੁਤਾ।
ਮਨਸਾ ਸੰਵੁਤਾ ਧੀਰਾ, ਤੇ ਵੇ ਸੁਪਰਿਸੰਵੁਤਾ॥ 234॥

234- ਮਨ, ਬਚਨ ਤੇ ਕਰਮ ਨਾਲ ਜੋ ਹਰਦਮ ਸੰਜਮ ਰਖਣ।
ਉਹੀ ਜਗ ਦੇ ਅੰਦਰ ਸਹਿਜੇ ਅਮਿਓ-ਰਸ ਨੂੰ ਚੱਖਣ।
ਜਿਹੜੇ ਲੈਣ ਜੀਵਨ ਅੰਦਰ ਦਿੱਵ ਸੰਜਮ ਨੂੰ ਧਾਰ।
ਸਚਿਆਈ ਤਾਂ ਜੀਵਨ ਵਾਲੀ, ਕੇਵਲ ਉਹੀ ਲਖਣ।

ਅਠਾਰ੍ਹਵਾਂ ਵੱਗ

ਮਲ-ਵੱਗੋ (ਮਲ ਵਰਗ)

ਪੰਡੁਪਲਾਸੋ ਵ ਦਾਨਿਸਿ, ਯਮਪੁਰਿਸਾ ਪਿ ਚ ਤੇ ਉਪਟਠਿਤਾ।
ਉੱਯੋਗਮੁਖੇ ਚ ਤਿਟਠਸਿ, ਪਾਥੇੱਯੰ ਪਿ ਚ ਤੇ ਨ ਵਿੱਜਤਿ॥ 235॥

235- ਬੁੱਢਿਆ ਪੀਲੇ ਪਤੱਰ ਵਾਂਗੂੰ, ਹੈਵੇਂ ਤੂੰ ਉਦਾਸ।
ਯਮ-ਰਾਜ ਦੇ ਦੂਤ ਨੇ ਆਏ, ਤੇਰੇ ਘਰ ਦੇ ਪਾਸ।
ਦੁਨੀਆ ਤੋਂ ਵਿਛੜਨ ਦਾ ਸਮਾਂ ਆਇਐ ਤੇਰੇ ਨੇੜੇ।
ਪਰ ਸਫ਼ਰ ਦੀ ਖ਼ਾਤਰ ਤੇਰੇ ਕੋਲ ਨਾ ਹੈਵੇ ਰਾਸ॥

ਸੋ ਕਰੋਹਿ ਦੀਪਮੱਤਨੋ ਖਿੱਪੰ ਵਾਯਸ ਪੰਡਿਤੋ ਭਵ।
ਨਿਦਧੰਤਮਲੋ ਅਨੰਗਣੋ, ਦਿੱਬੰਅਰਿਯਭੂਮਿੰ ਉਪੇਹਿਸਿ॥ 236॥

236- ਆਪਣੇ ਆਪ ਨੂੰ ਲਵੋ ਤੁਸੀਂ ਨਾਮ ਦਾ ਦੀਪ ਬਣਾ।
ਮਿਹਨਤ ਕਰਕੇ ਆਪਣੇ ਅੰਦਰ ਸ਼ੁਧਿ ਲਵੋ ਉਪਜਾ।
ਸਹਿਜੇ ਨਿਰਮਲ ਬਣਕੇ ਆਪਣੇ ਔਗੁਣ ਦਿਓ ਹੱਟਾ।
ਈਕਣ ਦੈਵੀ ਭੂਮੀ ਅੰਦਰ ਖੁਦ ਨੂੰ ਦਿਓ ਪੁੱਜਾ॥

ਉਪਨੀਤਵਯੋ ਚ ਦਾਨਿਸਿ, ਸੰਪਯਾਤੋਸਿ ਯਮੱਸ ਸੰਤਿਕੇ।
ਵਾਸੋ ਤੇ ਨਤਥਿ ਅੰਤਰਾ, ਪਾਥੇੱਯੰ ਪਿ ਚ ਤੇ ਨ ਵਿੱਜਤਿ॥ 237॥

237- ਉਮਰ ਤੇਰੀ ਖ਼ਤਮ ਹੋਵਣ ਨੂੰ ਹੈ ਭਾਈ ਆਈ।
ਦੇਖ ਕੇ ਯਮ ਹੁਣ ਤੈਨੂੰ ਪਿਆ ਦਿੰਦੈ ਖ਼ੂਬ ਦਿਖਾਈ।
ਮਾਰਗ ਅੰਦਰ ਠਹਿਰਣ ਦੀ ਨਾ ਤੈਨੂੰ ਮਿਲਸੀ ਥਾਂ।
ਸਫ਼ਰ ਖ਼ਾਤਰ ਤੇਰੇ ਕੋਲੇ, ਪਰ ਹੈ ਰਾਸ ਨਾ ਕਾਈ।

ਸੋ ਕਰੋਹਿ ਦੀਪਮੱਤਨੋ, ਖਿੱਪੰ ਵਾਯਸ ਪਡਿਤੋ ਭਵ।
ਨਿਦਧੰਤ-ਮਲੋ ਅਨੰਗਣੋ, ਨ ਪੁਨ ਜਾਤਿਜਰੰ ਉਪੇਹਿਸਿ॥ 238॥

238- ਆਪਣੇ ਆਪ ਨੂੰ ਤੁਸੀਂ ਸੱਚ ਦਾ ਦੀਆ ਲਓ ਬਣੋ।
ਹਿੰਮਤ ਕਰਕੇ ਆਪਣੇ ਅੰਦਰ ਲਓ ਜੋਤ ਜਗਾ।

ਸਹਿਜ ਮਿਹਨਤ ਰਾਹੀਂ ਖੁਦ ਨੂੰ ਨਿਰਮਲ ਲਓ ਬਣਾ।
ਈਕਣ ਖ਼ਤਮ ਕਰ ਲਓ ਆਪਣਾ ਜਨਮ ਮਰਨ ਦਾ ਲੇਖਾ॥
ਅਨੁਪੁੱਥਨ ਮੇਧਾਵੀ, ਥੋਕਥੋਕੋ ਖਣੇ ਖਣੇ।
ਕੱਮਾਰੋ ਰਜਤੱਸਵੇ ਨਿਦਧਮੇ ਮਲੰ ਅੱਤੱਨੋ॥ 239॥

239- ਕਰਮ ਕਰਕੇ ਦਾਨਾ ਸਹਿਜੇ ਮਨ ਨਿਰਮਲ ਇਉਂ ਕਰੋ।
ਜੀਕਣ ਸ਼ਿਲਪੀ ਚਾਂਦੀ ਉਪਰੋ ਮਲ ਨੂੰ ਪਰੇ ਕਰੇ।
ਮਨ ਨਿਰਮਲ ਹੋ ਸਕਦੈ ਕੇਵਲ ਨਾਮ ਦੇ ਸਿਮਰਨ ਰਾਹੀਂ।
ਧੰਨ ਹੈਵੇ ਉਹ ਬੰਦਾ ਜਿਸ ਦੇ ਮਨ ਦੀ ਹਉਮੈ ਮਰੇ॥
ਅਯਸਾ ਵ ਮਲੰ ਸਮੁਟਠਿਤੰ, ਤਦੁਟਠਾਯ ਤਮੇਵ ਖਾਦਤਿ।
ਏਵੰ ਅਤਿਧੋਨਚਾਰਿਨੰ, ਸਾਨਿ ਕੱਮਾਨਿ ਨਯੰਤਿ ਦੁੱਗਤਿੰ॥ 240॥

240- ਲੋਹੇ ਤੋਂ ਮਲ ਉੱਠ ਕੇ ਜਿਵੇਂ ਉਸ ਦਾ ਕਰ ਦਏ ਘਾਣ।
ਪਾਪ ਤਾਂ ਐਵੇ ਪਾਪੀ ਤਾਈਂ ਦੁਰਗਤ ਵੱਲ ਲੈ ਜਾਣ।
ਆਪਣੇ ਕਰਮਾਂ ਦਾ ਫ਼ਲ ਮਿਲੇ, ਹਰ ਇਕ ਤਾਈਂ ਜੱਗ ਵਿਚ।
ਪਾਪੀ ਪੁੰਨੀ ਸਾਰੇ ਜਗ ਵਿਚ ਆਪਣਾ ਕੀਤਾ ਪਾਣ॥
ਅਸਜਝਾਯਮਲਾ ਮੰਤਾ, ਅਨੁਟਠਾਨਮਲਾ ਘਰਾ।
ਮਲਮ ਵੱਣੱਸ ਕੋਸੱਜੰ, ਪਮਾਦੋ ਰਕਖਤੋ ਮਲੰ॥ 241॥

241- ਪਾਠ ਨਾ ਕਰਨਾ, ਗਿਆਨ ਦੇ ਮੰਤਰ ਤਾਈਂ ਕਰਦੈ ਮੈਲਾ।
ਥੇ ਮੁਰਮੱਤ ਥਾਂ ਬਣ ਜਾਂਦੇ ਆਪੇ ਨਿਰਾ ਕੁਚੈਲਾ।
ਆਲਸ ਕਰਨਾ ਅਕਲ ਤਾਈਂ ਦਿੰਦੈ ਜੰਗ ਲਗਾ।
ਗ਼ਫ਼ਲਤ ਵਾਲਾ ਜਨ ਤਾਂ ਬਣਦੈ, ਓੜਕ ਮਲ ਦਾ ਥੈਲਾ॥
ਮੱਲਿਤਤਥਿਯਾ ਦੁੱਚਰਿਤੰ, ਮੱਛੇਰੰ ਦਦਤੋ ਮਲੰ।
ਮਲਾ ਵੇ ਪਾਪਕਾ ਧੱਮਾ, ਅਸਮਿੰ ਲੋਕੋ ਪਰੰਹਿ ਚ॥ 242॥

242- ਦੁਰਾਚਾਰ ਤਾਂ ਔਰਤ ਦਾ ਸਭ ਕਰੇ ਨਿਕੰਮਾ ਬਲ,
ਕੰਜੂਸੀ ਤਾਂ ਦਾਨੀ ਵਾਲੀ, ਦੇਵੇ ਮਤ ਕੁਚਲ।
ਪਾਪ ਧਰਮ ਨੂੰ ਲਾ ਦਿੰਦਾ ਹੈ, ਹਉਮੈ ਵਾਲੀ ਮੱਲ।
ਧਰਮੀ ਸੱਚੇ ਸੁਖ ਨੂੰ ਪਾਵੇ, ਇਹ ਹੈ ਸੱਚੀ ਗੱਲ॥
ਤਤੋ ਮਲਾ ਮਲਤਰੰ ਅਵਿੱਜਾ ਪਰਮੰ ਮੰਲੰ।
ਏਤੰ ਮਲੰ ਪਹੰਤਵਾਨ, ਨਿੱਮਲਾ ਹੋਥ ਭਿਕਖਵੋ॥ 243॥

243- ਸਭ ਤੋਂ ਵਧ ਕੇ ਜਗਤ ਵਿਚ ਹੈ ਅਵਿੱਦਿਆ ਦਾ ਪਾਪ।
ਸੱਚੀ ਵਿੱਦਿਆ ਰਖੱਣ ਵਾਲਾ ਨਾ ਪਾਵੇ ਸੰਤਾਪ।

ਵਿਦਿਆ ਹੀਨ ਜਗਤ ਦੇ ਅੰਦਰ ਕਹਿਲਾਵਣ ਪਸ਼ੂ ਢੋਰ।
ਵਿਦਿਆ ਅੰਦਰ ਮਿਲਦੈ ਸਚੀਂ ਮੁਚੀਂ ਸਾਈਂ ਆਪ॥
ਸੁਜੀਵੰ ਅਹਿਰਿਕੇਨ ਕਾਕਸਰੇਨ ਧੰਸਿਨਾ।
ਪਕਧੰਦਿਨਾ ਪਗ ਥਭੇਨ, ਸੰਕਿਲਿਟਠੇਨ ਜੀਵਿਤੰ॥ 244॥
ਹਿਰੀਮਤਾ ਚ ਦੁੱਜੀਵੰ ਨਿੱਚੰ ਸੁਚਿਗਵੇਸਿਨਾ।
ਅਲੀਨੇਨਾਪੱਗਥਭੇਨ, ਸੁਦਧਾਜੀਵੇਨ ਪੱਸਤਾ॥ 245॥

244+ ਬੇਪਤ ਅਤੇ ਲੋਭੀ ਪਤੱਤ, ਝਗੜਾਲੂ, ਸੁੰਨਸਾਨ,
245 ਕਾਂ ਦੇ ਵਾਕਰ ਜੀਵਨ ਜੀਣਾ ਹੈ ਬਿਲਕੁਲ ਆਸਾਨ।
ਐਪਰ ਪਤ ਮਯ ਸੰਜਮ ਵਾਲਾ ਨਿਰਮੋਹੀ ਤੇ ਪਾਕ।
ਜੀਵਨ ਜੀਣਾ ਜੱਗ ਵਿਚ ਹੈਵੇ; ਕਠਿਨ ਗਿਰੀ ਸਮਾਨ॥
ਯੋ ਪਾਣਮਤਿਪਾਤੇਤਿ, ਮੁਸਾਵਾਦੰ ਚ ਭਾਸਤਿ।
ਲੋਕੇ ਅਦਿੱਨੰ ਆਦਿਯਤਿ, ਪਰਦਾਰੰ ਚ ਗਚਛਤਿ॥ 246॥
ਸੁਰਾਮੇਰਪਪਾਨੰ ਚ, ਯੋ ਨਰੋ ਅਨੁਯੁੰਜਤਿ।
ਇਧੇਵੰ ਮੇਸੋ ਲੋਕਸਮਿੰ, ਮੂਲੰ ਖਣਤਿ ਅੱਤਨੋ॥ 247॥

246+ ਹਿੰਸਕ, ਕੂੜਾ ਲੋਭੀ ਅਤੇ ਪਰਹਕ ਖਾਵਣ ਵਾਲਾ।
247 ਵਿਭਚਾਰੀ ਤੇ ਨਸ਼ੇ ਵਾਲਾ ਕਾਮੀ ਮਦ ਮਤਵਾਲਾ।
ਇਸ ਲੋਕ ਦੇ ਅੰਦਰ ਆਪਣੀ ਜੜ੍ਹ ਨੂੰ ਪੁਟੇ ਆਪ।
ਅਤੇ ਕਰੇ ਵੱਜ-ਗੱਜ ਆਪੇ, ਆਪਣਾ ਆਪ ਮੁਕਾਲਾ॥
ਏਵੰ ਭੋ ਪੁਰਿਸ ਜਾਨਾਹਿ, ਪਾਪਧੱਮਾ ਅਸੱਞਤਾ।
ਮਾ ਤੰ ਲੋਭੇ ਅਧੱਮੋ ਚ, ਚਿਰੰ ਦੁਕਖਾਯ ਰੰਧਯੁੰ। 248।

248- ਸੰਜਮ ਹੀਣ ਹੀ ਜਗ ਦੇ ਅੰਦਰ ਸਾਰੇ ਪਾਪ ਕਮਾਣ।
ਪਾਪ ਤੇ ਲੋਭ ਤੇ ਜੀਵਣ ਵਾਲੇ ਆਪਣੀ ਅਲਖ ਮੁਕਾਣ।
ਜਪ-ਤਪ ਵਾਲੇ ਸੰਜਮ ਵਾਲੇ ਜੀਵਨ-ਰਸ ਨੂੰ ਪਾਣ।
ਸੱਚੇ ਸੁਚੇ, ਸੂਰੇ ਬੰਦੇ ਚਰਿਤਰਵਾਨ ਕਹਿਲਾਣ॥
ਦਦਾਤਿ ਵੇ ਯਥਾਸਦਧੰ, ਯਥਾਪਸਾਦਨੰ ਜਨੋ।
ਤਤਥ ਯੋ ਮੰਕੁ ਭਵਤਿ, ਮਰੇਸ ਪਾਨਭੋਜਨੇ।
ਨ ਸੋ ਦਿਵਾ ਵਾ ਰੱਤਿੰ ਵਾ ਸਮਾਧਿੰ ਅਧਿਗਚਛਤਿ॥ 249॥

249- ਆਪਣੀ ਸ਼ਰਧਾ ਦੇ ਮਾਫਕ ਹੀ ਬੰਦਾ ਕਰਦੈ ਦਾਨ।
ਆਪਣੀ ਸ਼ਰਧਾ ਦੇ ਮਾਫਕ ਹੀ ਉਹ ਭਜਦੈ ਭਗਵਾਨ।
ਪਰ ਜੋ ਦੂਜਿਆਂ ਵਾਲੇ ਪਹਿਨਣ ਖਾਣ ਨੂੰ ਦੇਖ ਕੇ ਸੜੇ,

ਦਿਨ ਤੇ ਰਾਤ ਦੇ ਅੰਦਰ ਉਹ ਤਾਂ ਸੁਖ ਨਾ ਸਕੇ ਮਾਣ॥
ਯੱਸ ਚੇਤੰ ਸਮੁੱਚਛਿੱਨੰ, ਮੂਲਘੱਚੰ ਸਮੂਹਤੰ।
ਸਵੇ ਦਿਵਾ ਵਾ ਗੱਤਿੰ ਵਾ, ਸਮਾਧਿੰ ਅਧਿਗਚਛਤਿ॥ 250॥
250– ਜਿਸ ਦਾ ਸਾੜੇ ਨਾਲੋਂ ਬਿਲਕੁਲ ਚਿੱਤ ਹੋ ਜਾਵੇ ਪਾਕ,
ਦਿਨ ਤੇ ਰਾਤ ਦੇ ਅੰਦਰ ਉਹੀ ਸੁਖ ਪਾਵੇ ਬੇਬਾਕ।
ਪੁੰਨਾਂ ਤਾਈਂ ਸਾੜਾ ਦੇਵੇ ਬਿਲਕੁਲ ਆਪ ਜਲਾ।
ਸਾੜਾ ਦਿਲ ਵਿਚ ਰਖਣਾ ਹੈਵੇ ਬਿਲਕੁਲ ਖ਼ਤਰਨਾਕ॥
ਨਤਥਿ ਰਾਗ ਸਮੋ ਅੱਗਿ, ਨਤਥਿ ਦੋਸਸਮੋ ਗਹੋ।
ਨਤਥਿ ਮੋਹਸਮੰ ਜਾਲੰ, ਨਤਥਿ ਤਣਹਾਸਮਾ ਨਦੀ॥ 251॥
251– ਘਿਰਣਾ ਤੁਲ ਨਾ ਕੋਈ ਹੈਵੇ, ਦੁਖਦਾਈ ਸੰਤਾਪ,
ਰਾਗ ਦੇ ਵਾਂਗ ਨਾ ਕੋਈ ਹੈਵੇ, ਮੋਹ ਮਾਇਆ ਦਾ ਤਾਪ।
ਮੋਹ ਸਮਾਨ ਨਾ ਹੈਵੇ ਫੰਦਾ ਕੋਈ ਹੋਰ ਤਾਂ ਦੂਜਾ।
ਜਿੱਥੇ ਵੱਗੇ ਤ੍ਰਿਸ਼ਨਾ ਨਦੀ ਹੋਏ ਨਾ ਉਥੇ ਜਾਪ॥
ਸੁਦੱਸੰ ਵੱਜਮੱਵੇਸੰ, ਅੱਤਨੋ ਪਨ ਦੱਦਸੰ।
ਪਰੇਸੰ ਹਿ ਸੋ ਵੱਜਾਨਿ, ਓਪੁਨਾਤਿ ਯਥਾ ਭੁਸੰ।
ਅੱਤਨਾ ਪਨ ਛਾਦੇਤਿ, ਕਲਿੰ ਵ ਕਿਤਵਾ ਸਠੋ॥ 252॥
252– ਦੂਜਿਆਂ ਵਾਲਿਆਂ ਦੋਸ਼ਾਂ ਤਾਈਂ ਵਿਹਣਾ ਹੈ ਆਸਾਨ।
ਨਿੱਜ ਦੋਸ਼ਾਂ ਨੂੰ ਵਿਹਣਾ ਹੈ ਪਰ ਕਠਿਨ ਕੋਹ ਸਮਾਨ।
ਬੰਦੇ ਭੂਸੇ ਵਾਂਗ ਖਿੰਡਾਵਣ ਦੂਜਿਆਂ ਵਾਲੇ ਦੋਸ਼।
ਜੁਆਰੀ ਜਿਉਂ ਲੁਕਾਵੇ ਪਾਸੇ ਉਹ ਨਿੱਜ ਦੋਸ਼ ਛੁਪਾਣ॥
ਪਰਵੱਜਾਨੁਪੱਸਿੱਸ, ਨਿੱਚੰ ਉਜਝਾਨਸੱਵਿਨੋ।
ਆਸਵਾ ਤੱਸ ਵਡਢੰਤਿ, ਆਰਾ ਸੋ ਆਸਵਕਖਯਾ॥ 253॥
253– ਜਿਹੜਾ ਹਰਦਮ ਦੂਜਿਆਂ ਵਾਲੇ ਦੋਸ਼ਾਂ ਤਾਈਂ ਦੇਖੇ,
ਅਤੇ ਦੇਖ ਕੇ ਉਨ੍ਹਾਂ ਤਾਈਂ ਹਰਦਮ ਖਿਜਦਾ ਰਹਿਵੇ।
ਉਸ ਦੇ ਮਨ ਦੀ ਮੱਲ ਤਾਂ ਸਹਿਜੇ ਆਪ ਮੁਹਾਰੀ ਵੱਧੇ।
ਅਤੇ ਈਕਣ ਆਪਣਾ ਕੀਤੇ ਵਾਲਾ ਉਹ ਫ਼ਲ ਭੁਗਤੇ॥
ਆਕਾਸੇਵ ਪਦੰ ਨਤਥਿ, ਸਮਣੋ ਨਤਥਿ ਬਾਹਿਰੇ।
ਪਪੰ ਚਾਭਿਰਤਾ ਪਜਾ, ਨਿੱਪਪੰਚਾ ਤਥਾਗਤਾ॥ 254॥
254– ਰਿਧੀਆਂ ਰਾਹੀਂ ਨੱਭ ਵਿਚ ਉੱਡਣਾ ਬਿਲਕੁਲ ਹੈ ਨਿਰਮੂਲ।
ਸਾਧ ਤਾਂ ਜਾਨਣ ਰਿੱਧੀਆਂ ਤਾਈਂ ਬਿਲਕੁਲ ਵਸਤ ਫ਼ਜੂਲ।

ਰਿੱਧੀਆਂ ਵਾਲੇ ਆਪਣੀ ਹਉਮੈਂ ਤਾਈਂ ਲੈਣ ਵੱਧਾ।
ਕੇਵਲ ਸਾਧ ਜਨ ਹੋ ਸਕਣ ਦਰਗਹ ਵਿਚ ਕਬੂਲ॥
ਆਕਾਸੇਵ ਪਦੰ ਨਤਥਿ, ਸਮਣੋ ਨਤਥਿ ਬਾਹਿਰੇ।
ਸੰਖਾਰਾ ਸੱਸਤਾ ਨਤਥਿ, ਨਤਥਿ ਬੁਦਧਾਨੰ ਇੰਜਿਤੰ॥ 255॥
255 ਅਕਾਸ਼ਾਂ ਦੇ ਅੰਦਰ ਉੱਡਣਾ ਨਾਹੀਂ ਚਮਤਕਾਰ।
ਸਾਧ ਤਾਂ ਜਾਨਣ ਸਿਧੀਆਂ ਤਾਈਂ ਇੱਕ ਗੰਦਾ ਵਿਵਹਾਰ।
ਸਾਰਾ ਜਗ ਹੈ ਚਲਣਹਾਰਾ ਇਹ ਹੈ ਸੱਚੀ ਗੱਲ।
ਕੇਵਲ ਗਿਆਨੀ ਰਹਿਵਣ ਆਪਣੇ ਨਿਸ਼ਚੇ ਵਿਚ ਅਟੱਲ॥

ਉਨ੍ਹੀਵਾਂ ਵੱਗ

ਧੱਮਟਨਵੱਗੋ (ਧਰਮਿਸ਼ਟ ਵਰਗ)

ਨ ਤੇਨ ਹੋਤਿ ਧੱਮਟਠੋ, ਯੇਨਤਥੰ ਸਹਸਾ ਨਯ।
ਯੋ ਚ ਅਤਥੰ ਅਨਤਥੰ ਚ, ਉਭੋਨਿਚਛੇੱਯ ਪੰਡਿਤੋ॥ 256॥

256- ਬੇਸੋਚੇ ਬੇਸਮਝੇ ਜਲਦੀ ਨਾਲ ਜੋ ਕਰਦੈ ਕੰਮ,
ਸੱਚੀਂ ਮੁੱਚੀਂ ਧਰਮਾਤਮਾ ਉਹ ਤਾਂ ਹੋ ਨਹੀਂ ਸਕਦਾ।
ਅਰਥ ਅਨਰਥ ਨੂੰ ਜਿਹੜਾ ਨਿਰਣੈ ਬੁਧਿ ਵਿਵੇਕ ਦੁਆਰਾ।
ਸਹੀ ਮਹਿਨਿਆਂ ਦੇ ਅੰਦਰ ਹੈਵੇ, ਉਹੀ ਬੁਧੀਵਾਨ॥

ਅਸਾਹਸੇਨ ਧੱਮੇਨ, ਸਮੇਨ ਨਯਤੀ ਪਰੇ।
ਧੱਮੱਸ ਗੁੱਤੋ ਮੇਧਾਵੀ ਧੱਮਟਠੋ ਤਿ ਪਵੁੱਚਤਿ॥ 257॥

257- ਜਿਹੜਾ ਪੁਰਸ਼ ਵਿਵੇਕੀ ਹੈਵੇ ਅਤੇ ਸੱਚ ਦਾ ਰਖਸ਼ਕ।
ਬੇਸੁਆਰਥ ਜਿਹੜਾ ਬਣਿਏ ਸਭਨਾ ਦਾ ਪੱਥ ਦਰਸ਼ਕ।
ਜਿਹੜਾ ਪ੍ਰੇਮ-ਪਰਾਇਣ ਹੈਵੇ, ਰੱਖਦੇ ਨਿਮਰ-ਸੁਭਾ।
ਉਹੀ ਸੱਜਣ ਕਹਿਲਾਂਦਾ ਹੈ ਧਰਮ ਵਿਚ ਪਰਪੱਕ॥

ਨ ਤੇਨ ਪੰਡਿਤੋ ਹੋਤਿ, ਯਾਵਤਾ ਬਹੁ ਭਾਸਤਿ।
ਖੇਮੀ ਅਵੇਰੀ ਅਭਯੋ, ਪੰਡਿਤੋ ਤਿ ਪਵੁੱਚਤਿ॥ 258॥

258- ਬਹੁਤੀਆਂ ਗੱਲਾਂ ਕਰਨ ਵਾਲਾ ਪੰਡਿਤ ਨਹੀਂ ਕਹਾਂਦਾ।
ਪੰਡਿਤ ਉਹ ਹੈ ਦੂਜਿਆਂ ਨੂੰ ਜੋ ਮਾਰਗ ਹੈ ਦਿਖਲਾਂਦਾ।
ਜਿਹੜਾ ਸਚ ਨੂੰ ਮੰਨ ਕੇ ਰੱਬ ਦੇ ਮਨ ਨੂੰ ਹੈਵੇ ਭਾਂਦਾ।
ਨਿਰਵੈਰ ਹੈ, ਖਿਮਾਵੰਤ ਹੈ, ਡੈ ਨਾ ਕਿਸੇ ਤੋਂ ਖਾਂਦਾ॥

ਨ ਤਾਵਤਾ ਧੱਮਧਰੋ, ਯਾਵਤਾ ਬਹੁ ਭਾਸਤਿ।
ਯੋ ਚ ਅੱਪੰ ਪਿ ਸੁਤਵਾਨ, ਧੱਮੰ ਕਾਯੇਨ ਪੱਸੁਤਿ।
ਸ ਵੇ ਧੱਮਧਰੋ ਹੋਤਿ, ਯੋ ਧੱਮੰ ਨੱਪਮੱਜੱਤਿ॥ 259॥

ਧਰਮਿਸ਼ਟ-ਵਿਵੇਕੀ (The Righteous)

259- ਜਨ ਗੱਲਾਧੜ ਕਦੇ ਸੱਚਾ ਧਰਮੀ ਨਾ ਕਹਿਲਾਵੇ।
ਧਰਮੀ ਸੁਣੇ ਥੋੜਾ ਪਰ ਉਹ ਬਹੁਤਾ ਕਰਮ ਕਮਾਵੇ।
ਧਰਮ ਦੇ ਪਾਲਣ ਅੰਦਰ ਜਿਹੜਾ ਕਦੇ ਨਾ ਹੋਵੇ ਗਾਫ਼ਲ।
ਉਹੀ ਸੱਚੇ ਮਹਿਨਿਆਂ ਅੰਦਰ ਧਰਮਵਾਨ ਬਣ ਜਾਵੇ॥
ਨ ਤੇਨ ਥੇਰੋ ਸੋ ਹੋਤਿ, ਯੇਨੱਸ ਪਲਿਤੰ ਸਿਰੋ।
ਪਰਿਪੱਕੋ ਵਯੋ ਤੱਸ, ਮੋਘਾਜਿੱਨੋ ਤਿ ਵੁੱਚਤਿ॥ 260॥

260- ਧੌਲੇ ਵਾਲਾਂ ਵਾਲਾ ਕਦੇ ਬੁੱਢਾ ਨਾ ਕਹਿਲਾਵੇ।
ਅਸਲ ਬੁੱਢਾ ਉਹ ਹੈ ਜਿਹੜਾ ਬੇਅਰਥਾ ਬਣ ਜਾਵੇ।
ਚੰਗਾ ਬੁੱਢਾ ਉਹ ਹੈ ਨਿੱਤ ਜੋ ਬਣਿਆ ਰਹਿਵੇ ਬਾਲ,
ਅਤੇ ਵਾਂਗ ਜੁਆਨਾਂ ਆਪਣਾ ਸੁਹਣਾ ਸਮਾਂ ਬਿਤਾਵੇ॥
ਯੇ ਹਿ ਸੱਚੇ ਚ ਧੱਮੇ ਚ, ਅਹਿੰਸਾ ਸੰਯਮੰ ਦਮੋ।
ਸ ਵੇ ਵੰਤਮਲੋ ਧੀਰੇ, ਥੇਰੋ ਇਤਿ ਪਵੁੱਚਤਿ॥ 261॥

261- ਸੱਚੇ ਅਰਥਾਂ ਅੰਦਰ ਉਹੀ ਬਜ਼ੁਰਗ ਕਹਿਲਾਵੇ।
ਸੱਚ, ਧਰਮ ਦਿਆ ਸੰਜਮ ਵਿਚ ਜੋ ਪੱਕਾ ਹੋ ਜਾਵੇ।
ਜਿਹੜਾ ਮਿੱਠੀ ਬਾਣੀ ਰਾਹੀਂ ਸਭ ਦੇ ਮਨ ਨੂੰ ਭਾਵੇ।
ਅਤੇ ਜਿਹੜਾ ਵਿਕਾਰਾਂ ਤਾਈਂ ਉੱਕਾ ਮਾਰ ਮੁਕਾਵੇ॥
ਨ ਵੱਾਕਰਣਮੱਤੇਨ, ਵੱਣਪੋਕਖਰਤਾਯ ਵਾ।
ਸਾਧੁਰੂਪੋ ਨਰੋ ਹੋਤਿ, ਇੱਸੁਕੀ ਮੱਚਛਰੀ ਸਠੋ॥ 262॥
ਯੱਸ ਚੋਤੰ ਸਮੁੱਚਛਿੰਨੰ, ਮੂਲਘੱਚੰ ਸਮੂਹਤੰ।
ਸ ਵੰਤਦੋਸੋ ਮੇਧਾਵੀ, ਸਾਧੁਰੂਪੋ ਤਿ ਵੁੱਚਤਿ॥ 263॥

262+ ਬੋਲ ਤੇ ਰੂਪ ਦੀ ਚਾਲਾਕੀ ਸਿਉਂ ਉਹ ਨਾ ਬਣੇ ਸਾਧ,
263 ਜਿਹੜਾ ਰੱਖੇ ਸਾੜੇ, ਦੋਖ, ਸੁਆਰਥ ਵਾਲੀ ਬਾਦ।
ਸਾੜੇ ਦੋਖ, ਸੁਆਰਥ ਨਾਲੋਂ ਪਰ ਜੋ ਉੱਚਾ ਹੋਵੇ।
ਉਹੀ ਸਾਧਪੁਣੇ ਦਾ ਚੱਖੇ ਸਚਮੁਚ ਮਿਠਾ ਸੁਆਦ॥
ਨ ਮੰਡਕੇਨ ਸਮਣੇ, ਅੱਬਤੋ ਅਲਿਕੰ ਭਣੰ।
ਇਚਛਾਲੋਭਸਮਾਪੱਨੋ, ਸਮਣੋ ਕਿੰ ਭਵਿਸੱਤਿ॥ 264॥

264- ਸੰਜਮਹੀਣ ਤੇ ਝੂਠਾ ਬੰਦਾ ਆਪਣੇ ਵਾਲ ਕਟਾ ਕੇ ।
ਹਰਗਿਜ਼ ਭਿਖਸ਼ੂ ਬਣ ਨਹੀਂ ਸਕਦਾ, ਸਾਧ ਦਾ ਰੂਪ ਬਣਾ ਕੇ
ਤ੍ਰਿਸ਼ਨਾ ਵਾਲਾ ਲੋਭੀ ਬੰਦਾ ਜੀਵੇ ਧਰਮ ਗੰਵਾ ਕੇ।
ਉਹ ਤਾਂ ਜਤੀ ਬਣ ਨਹੀਂ ਸਕਦਾ ਕੇਵਲ ਭੇਖ ਵਟਾ ਕੇ॥
ਯੋ ਚ ਸਮੇਤਿ ਪਾਪਾਨਿ, ਅਣੂੰ ਥੂਲਾਨਿ ਸੱਬਸੋ।
ਥਮਿਤੱਤਾ ਹਿ ਪਾਪਨੰ, ਸਮਣੋ ਤਿ ਪਵੁੱਚਤਿ॥ 265॥

265- ਸਾਧੂ ਉਹ ਹੈ ਜਿਹੜਾ ਹੈਵੇ ਸਭ ਪਾਪਾਂ ਤੋਂ ਉੱਚਾ।
ਅਤੇ ਜਿਹੜਾ ਸ਼ਾਂਤ ਰਸ ਦਾ ਕਰਦੈ ਪਾਨ ਸਮੁਚਾ।
ਸਾਧੂ ਉਹ ਹੈ ਜਿਹੜਾ ਹਰਦਮ ਧਰਮ ਪਰਾਇਣ ਰਹਿੰਦੈ।
ਅਤੇ ਆਪਣੇ ਕਰਮ ਨੂੰ ਰੱਖਦੈ ਹਰਦਮ ਸੱਚਾ ਸੁਚਾ॥
ਨ ਤੇਨ ਭਿਕਖੁ ਸੋ ਹੋਤਿ, ਯਾਵਤਾ ਭਿਕਖਤੇ ਪਰੇ।
ਵਿਸੰ ਧੰਮੰ ਸਮਾਦਾਯ, ਭਿਕਖੁ ਹੋਤਿ ਨਾ ਤਾਵਤਾ॥ 266॥

266- ਕੇਵਲ ਸਾਧੂ ਮੰਗਣ ਵਾਲਾ ਭਿਖਸ਼ੂ ਨਹੀਂ ਬਣ ਜਾਂਦਾ।
ਕੇਵਲ ਭੇਖਾਂ ਨਾਲ ਕਦੇ ਵੀ ਸਾਧ ਨਾ ਕੋਈ ਕਹਾਂਦਾ।
ਭਿਖਸ਼ੂ ਉਹ ਹੈ ਜਿਹੜਾ ਮਨ ਤੋਂ ਨੈਤਿਕ ਧਰਮ ਨਿਭਾਂਦਾ।
ਸਾਧ ਉਹ ਹੈ ਜਿਹੜਾ ਸੱਚੇ ਸੱਚ ਦੇ ਵਿਚ ਸਮਾਂਦਾ॥
ਯੋਧ ਪੁਵੰ ਚ ਪਾਪੰ ਚ, ਬਾਹੇਤਵਾ ਬ੍ਰਹਮਚਰਿਯਵਾ।
ਸੰਖਾਯ ਲੋਕੇ ਚਰਤਿ, ਸੰਵੇ ਭਿਕਖੁ ਤਿ ਵੁੱਚਤਿ॥ 267॥

267- ਸੱਚਾ ਭਿਖਸ਼ੂ ਉਹ ਹੈ ਜੋ ਹੈ ਪਾਪ ਪੁੰਨ ਤੋਂ ਉੱਚਾ।
ਅਤੇ ਕਰਦੈ ਜਤ ਦਾ ਪਾਲਣ ਪੂਰਾ ਖ਼ਰਾ ਸਮੁੱਚਾ।
ਸਚਾ ਭਿਖਸ਼ੂ ਉਹ ਹੈ ਜਿਹੜਾ ਗਿਆਨ-ਮੱਗ ਤੇ ਚੱਲੇ।
ਅਤੇ ਜਗ ਵਿਚ ਜੀਵਨ ਜੀਵੇ ਵਿਕਸਿਤ ਸੱਚਾ ਸੁੱਚਾ॥ 268॥

268- ਚੁੱਪ ਨੂੰ ਸਾਧਣ ਵਾਲਾ ਮੂਰਖ ਹਰਗਿਜ਼ ਮੁਨੀ ਨਾ ਹੋਵੇ।
ਮੁਨੀ ਉਹ ਹੈ ਹਰ ਥਾਂ ਜਿਹੜਾ ਗਿਆਨ ਬੀਜ ਨੂੰ ਬੋਵੇ।
ਮੁਨੀ ਉਹ ਹੈ ਸੱਚ ਤੇ ਕੱਚ ਨੂੰ ਜਿਹੜਾ ਸਹਿਜੇ ਤੋਲੇ।
ਅਤੇ ਤੱਤ ਨੂੰ ਖੋਜ ਕੇ ਪੂਰਾ ਅਸਲੇ ਵਿਚ ਸਮੋਵੇ॥
ਪਾਪਾਨਿ ਪਰਿੱਵਜੇਤਿ ਸ ਮੁਨੀ ਤੇਨ ਸੋ ਮੁਨੀ।
ਯੋ ਮੁਨਾਤਿ ਉਭੋ ਹੋਕੇ ਮੁਨੀ ਤੇਨ ਪਵੁੱਚਤਿ॥ 269॥

269- ਪਾਪਾਂ ਨਾਲੋਂ ਵਰਜਣ ਵਾਲਾ ਸੱਚਾ ਮੁਨੀ ਕਹਾਏ।
ਉਹ ਤਾਂ ਗਿਆਨ ਦੁਆਰਾ ਆਪਣੀ ਹਉਮੈ ਤਾਂਈਂ ਮਿਟਾਏ।
ਸੱਚਾ ਮੁਨੀ ਨਿੱਜ ਆਪੇ ਵਿਚ ਬੁੱਧ-ਵਿਵੇਕ ਉਪਾਏ।
ਅਤੇ ਮਨ ਵਿਚ ਅੱਛੇ ਬੁਰੇ ਤਾਈਂ ਸਮਝ ਜਾਏ॥
ਨਾ ਤੇਨ ਅਰਿਯੋ ਹੋਤਿ, ਯੇਨ ਪਾਣਾਨਿ ਹਿੱਸਤਿ।
ਅਹਿੰਸਾ ਸੱਬਪਾਣਾਨੰ, ਅਰਿਯੋ ਤਿ ਪਵੁੱਚਤਿ॥ 270॥

270- ਸੱਚਾ ਮੁਨੀ ਉਹ ਹੈ ਜੋ ਹੈ ਜੀਵ-ਹੱਤਿਆ ਤੋਂ ਉੱਚਾ।
ਅਤੇ ਜਤ ਸਿਉਂ ਜੋ ਅਪਨਾਂਦੈ ਗਿਆਨ ਦਾ ਮਾਰਗ ਸੁੱਚਾ।

ਸਭਨਾ ਜੀਵਾਂ ਨਾਲ ਕਰਦੈ ਜੋ ਨਿਹਕਾਮੀ ਪਿਆਰ।
ਅਤੇ ਕਰਦੈ ਨਾਮ ਸੁਧਾ ਦਾ ਜੋ ਕਿ ਪਾਨ ਸਮੁੱਚਾ॥
ਨ ਸੀਲੱਬਤਮੱਤੇਨ, ਬਾਹੁਸੱਚੇਨ ਵਾ ਪਨ।
ਅਥ ਵਾ ਸਮਾਧਿਲਾਭੇਨ, ਵਿਵਿੱਤਸਯਨੇਨ ਵਾ॥ 271॥
ਵਸਾਮਿ ਨੇਕਖੱਮਸੁਖੰ ਅਪੁਬੁੱਧਜਨਸੇਵਿਤੰ।
ਭਿਕਖੂ ਵਿੱਸਾਸੰ ਆਪਾਦਿ ਅੱਪੱਤੋ ਆਸਵਕਖਯੰ॥ 272॥

271+ ਬਰਤ-ਸਮਾਧੀ ਤਨਹਾਈ ਤੇ ਗਿਆਨ ਚਰਚਾ ਰਾਹੀਂ।
272 ਸੱਚ ਨਾ ਮਿਲੇ, ਸੱਚ ਤਾਂ ਮਿਲਦੈ ਨਿਰਮਲ ਕੰਮਾਂ ਰਾਹੀਂ।
ਭੇਖ- ਧਾਰੀ ਮਾਇਕ ਪਿੱਠੂ ਸਾਧੂ ਬਣ ਨਹੀਂ ਸਕਦਾ।
ਸਾਧੂ ਉਹ ਹੈ ਜਿਹੜਾ ਹਰਦਮ ਪਾਕ ਪਵਿਤਰ ਰਹਿਵੇ॥

ਵੀਹਵਾਂ ਵੱਗ

ਮਗੱ ਵਗੋ (ਮਾਰਗ ਵਰਗ)

ਮੱਗਾਨਟਠਗਿੰਕੋ ਸੇਟਠੋ, ਸੱਚਾਨੰ ਚਤੁਰੋ ਪਦਾ।
ਵਿਰਾਗੋ ਸੇਟਠੋ ਧੱਮਾਨੰ, ਦਿਪਾਦਾਨੰ ਚ ਚਕਖੁਮਾ॥ 273॥

273- ਸਭ ਪੱਥਾਂ ਦੇ ਨਾਲੋਂ ਬੁੱਧ ਦਾ ਅਸ਼ਟ ਮਾਰਗ ਹੈ ਉੱਚਾ।
ਦੁੱਖ ਤੋਂ ਬਚਿਆ ਦਿਵੱ-ਸੁਖ ਹੈਵੇ, ਸਭ ਸੱਚਾਂ ਤੋਂ ਸੱਚਾ।
ਧਰਮਾਂ ਅੰਦਰ ਸਚ-ਭਰਿਆ ਵੈਰਾਗ ਹੈ ਸਭ ਤੋਂ ਚੰਗਾ।
ਜਨਾਂ ਅੰਦਰ ਗਿਆਨੀ ਹੈਵੇ, ਸਰਵੋਤਮ ਸਮੁਚਾ॥

ਏਸੋ ਵ ਮੱਗੋ ਨਤ ਥੱਵੋ, ਦੱਸਨੱਸ ਵਿਸ਼ੁਦਧਿਯਾ।
ਏਤੰ ਹਿ ਤੁਮਹੇ ਪਟਿਪੱਜਥ, ਮਾਰੱਸੇਤੰ ਪਮੋਹੰਲੰ॥ 274॥

274- ਗਿਆਨ ਦਾ ਮਾਰਗ ਅੰਤਰ-ਅੱਖਾਂ ਤਾਂਈਂ ਖੋਲੇ ਸਹਿਜੇ।
ਇਹ ਮਾਰਗ ਤਾਂ ਸੂਝ ਬੂਝ ਦੇ ਤਾਈਂ ਸਹਿਜੇ ਵਿਗਸੇ।
ਇਸ ਲਈ ਇਸ ਮਾਰਗ ਤੇ ਜਿਹੜਾ ਨਿਰਭੈ ਹੋ ਕੇ ਚੱਲੇ।
ਉਹੀ ' ਮਾਰ ' ਦੇ ਬੰਧਨ ਕੋਲੋਂ ਜਗ ਦੇ ਅੰਦਰ ਬਚੇ॥

ਏਤੰਹਿ ਤੁਮਹੇ ਪਟਿਪੱਨਾ, ਦੁਕਖੱਸੰਤੰ ਕਰਿਸੱਥ।
ਅਕਖਾਵੋ ਮਯਾ ਮੱਗੋ ਅੱਵਾਯ ਮੱਲਕੰਤਨੰ॥ 275॥

275- ਜਗ ਦੇ ਦੁੱਖ ਨੂੰ ਦੇਖ ਕੇ ਬੁੱਧ ਨੇ ਦਿਤੈ ਦਿਵੱ-ਉਪਦੇਸ਼।
ਜਿਸ ਦੇ ਉਪਰ ਚੱਲਣ ਨਾਲੇ ਮਿਟੱਣ ਦੁਖ ਕਲੇਸ਼।
ਬੁੱਧ ਕਹਿੰਦਾ ਹੈ ਜਿਸ ਨੇ ਜਾਣਿਐ ਇਸ ਮਗ ਦੀ ਸਚਿਆਈ ਨੂੰ।
ਉਹੀ ਬੰਦਾ ਜਗ ਦੇ ਅੰਦਰ ਰਹਿਵੇ ਸੁਖੀ ਹਮੇਸ਼ਾ॥

ਤੁਮਹੇਹਿ ਕਿੱਚਮਾਤੱਪੰ, ਅਕਖਾਤਾਰੋ ਤਥਾਗਤਾ।
ਪਟਿਪੱਨਾ ਪਮੋਕਖੰਤਿ ਝਾਇਨੋ ਮਾਰਬੰਧਨਾ॥ 276॥

276- ਬੁੱਧ ਤਾਂ ਕੇਵਲ ਏਹੀ ਸਿੱਖਿਆ ਦਿੰਦਾ ਹੈ ਹਰ ਆਨ।
ਜਪ-ਤਪ ਰਾਹੀਂ ਤੁਸੀਂ ਪਾਓ ਸਹਿਜੇ ਦਿਵ-ਕਲਿਆਨ।

ਧਿਆਨੀ ਤੱਪ ਨੂੰ ਧਾਰ ਕੇ ਤੁਸੀਂ ' ਮਾਰ ' ਦੀ ਕੈਦ ਤੋਂ ਛੁਟੋ।
ਆਪਣੇ ਨੇਤਾ ਬਣ ਕੇ ਪਾਓ, ਜਗ ਵਿਚ ਪਦ-ਨਿਰਵਾਣ॥
ਸੱਬੇ ਸੰਖਾਰਾ ਅਨਿੱਚਾ ਤਿ, ਯਦਾ ਪੱਵਾਯ ਪੱਸਤਿ।
ਅਥ ਨਿੱਬਿੰਦਤਿ ਦੁਕਖੇ, ਏਸ ਮੱਗੋ ਵਿਸੁਦਧਿਯਾ॥ 277॥

277- ਦੁਨੀਆਵੀ ਪਦਾਰਥ ਉੱਕੇ ਸਾਰੇ ਹੈਨ ਅਨਿੱਤ।
ਇਹ ਗੱਲ ਜਾਣ ਕੇ ਦਾਨਾ ਬੰਦਾ ਦੁੱਖ ਨੂੰ ਲੈਂਦੇ ਜਿੱਤ।
ਸਚ-ਪਰਾਇਣ ਹੋਕੇ ਕਰਨਾ ਕੰਮ ਸਦਾ ਕਰਤਾਰੀ।
ਸਚੀਂ ਮੁਚੀਂ ਜੀਵਨ ਦਾ ਤਾਂ ਇਹ ਹੈ ਮੱਗ ਪਵਿੱਤ॥
ਸੱਬੇ ਸੰਖਾਰਾ ਦੁੱਕਖਾ ਤਿ, ਯਦਾ ਪੱਵਾਯ ਪੱਸਤਿ।
ਅਥ ਨਿੱਬਿੰਦਤਿ ਦੁਕਖੇ; ਏਸ ਮੱਗੋ ਵਿਸੁਦਦਿਯਾ॥ 278॥

278- ਦੁਨੀਆ ਵਾਲੇ ਸਾਰੇ ਚਸਕੇ, ਸੱਚਮੁੱਚ ਦੁੱਖ ਉਪਜਾਣ।
ਇਹ ਸੱਚ ਜਾਣ ਕੇ ਦਾਨੇ ਸਾਰੇ ਦੁੱਖਾਂ ਤੋਂ ਬਚ ਜਾਣ।
ਦੁਨੀਆਂ ਅੰਦਰ ਜਪ, ਤਪ, ਸੰਜਮ ਦੇਵਣ ਖੁਸ਼ੀ ਅਨੂਪ।
ਇਹ ਸਚ ਜਾਣ ਕੇ ਦਾਨੇ ਸਦਾ, ਬਣਨ ਚਰਿਤਰਵਾਨ॥
ਸੱਬੇ ਧੱਮਾ ਅਨੱਤਾ ਤਿ ਯਦਾ ਪੱਵਾਯ ਪੱਸਤਿ।
ਅਥ ਨਿੱਬਿੰਦਤਿ ਦੁਕਖੇ, ਏਸ ਮੱਗੋ ਵਿਸ਼ੁਦਧਿਯਾ॥ 279॥

279- ਮੱਤ-ਮਤਾਂਤਰ ਜਗ ਦੇ ਸਾਰੇ ਹੈਵਣ ਬਦਲਣਹਾਰ।
ਇਹ ਸੱਚ ਜਾਣ ਕੇ ਦਾਨੇ ਲੈਵਣ ਆਪਣਾ ਕਸ਼ਟ ਨਿਵਾਰ।
ਜਗ ਦੇ ਸਾਰੇ ਮਤ ਮੁਤਾਂਤਰ ਹੈਵਨ ਸਦਾ ਵਪਾਰੀ।
ਇਹ ਸੱਚ ਜਾਣ ਕੇ ਦਾਨੇ ਕਰਨ ਨਿਰਮਲ ਕਾਰੋਬਾਰ॥
ਓਟਠਾਨਕਾਲੰਹਿ ਅਨੁਟਠਹਾਨ, ਯੁਵਾਬਲੀ ਆਲਸਿਯੇ ਉਪੇਤੋ।
ਸੰਸੱਨਸੰਕਪੱਮਨੋ ਕੁਸੀਤੋ। ਪੱਵਾਯ ਮੱਗੰ ਅਲਸੰ ਨ ਵਿੰਦਤਿ॥ 280॥

280- ਜਾਗਣ ਵੇਲੇ ਜਿਹੜਾ ਬੰਦਾ, ਮੋਹ ਵਿਚ ਸੁੱਤਾ ਹੋਏ,
ਜੋਬਨ ਤੇ ਬਲ ਰਖਦੇ ਹੋਇਆਂ ਆਲਸ ਨੀਂਦ ਜੋ ਸੋਏ।
ਸੋਚ ਦੀ ਸ਼ਕਤੀ ਅਤੇ ਮਨ ਤਾਂ ਜਿਸ ਦੇ ਹੋਣ ਨਿਰਬਲ।
ਉਹ ਪਰਮਾਦੀ ਵਿਚ ਭਰਮਦੇ ਆਪਣਾ ਆਪਾ ਖੋਏ॥
ਵਾਚਾਨੁਰਕਖੀ ਮਨਸਾ ਸੁਸੰਵੁਤੋ, ਕਾਯੇਨ ਚ ਅਕੁਸਲੇ ਨ ਕਾਇਰਾ।
ਏਤੇ ਤਯੋ ਕੱਮਪਥੇ ਵਿਸੋਧਯੇ, ਆਰਾਧਯੇ ਮੱਗਮਿਸਿੱਪਵੇਦਿੰਤੰ॥ 281॥

281- ਜਨ ਦੇ ਅੰਦਰ ਚਾਹੀਦਾ ਹੈ, ਮਨ, ਬਾਣੀ ਦਾ ਸੰਜਮ,
ਦੇਹ ਦੁਆਰਾ ਕਦੇ ਨਾ ਕਰੇ, ਉਹ ਪਾਪ ਕਰਮ।

ਕਰਮ-ਮਾਰਗ ਉਸ ਦਾ ਹੋਵੇ ਨਿਰਮਲ ਅਤੇ ਪਾਕ।
ਰਿਸ਼ੀਆਂ ਦੇ ਪੱਥ ਉੱਪਰ ਚਲੇ ਉਹ ਹੋਕੇ ਬੇਗ਼ਮ॥
ਯੋਗਾ ਯੋਗਾ ਵੇ ਜਾਯਤੀ ਭੂਰਿ, ਅਯੋਗਾ ਭੂਰਿਸੰਖਯੋ।
ਏਤੰ ਦੇਧਾਪਥੰ ਵਤਵਾ ? ਭਵਾਯ ਵਿਭਵਾਯ 'ਚ
ਤਥਾਤੱਾਨੰ ਨਿਵੇਸੇੱਯ, ਯਥਾ ਭੂਰਿ ਪਵਡਢਤਿ॥ 282॥

282- ਯੋਗ ਦੁਆਰਾ ਜਨ ਤਾਂ ਜਗ ਵਿਚ ਪਾਂਦੈ ਸਚਾ ਗਿਆਨ।
ਮਨ ਅਸੰਜਮ ਨਾਲੇ ਹੁੰਦੈ ਧੈ ਜੀਵਨ ਦਾ ਗਿਆਨ।
ਹਾਨੀ ਲਾਭ ਦੇ ਇਸ ਮਾਰਗ ਨੂੰ ਜਾਣ ਕੇ ਜਨਤਾ ਠੀਕ।
ਆਪਣੇ ਜੀਵਨ-ਗਿਆਨ ਨੂੰ ਕਰਦੈ ਉੱਨਤ ਹਰ ਇਕ ਆਨ॥
ਵਨੰ ਛਿੰਦਥ ਮਾ ਰੁਕਖੰ ਵਨਤੋ ਜਾਯਤੇ ਭਯੰ।
ਛੇਤਵਾ ਵੱਨੰ ਚ ਵਨਥੰ ਚ, ਨਿੱਬਨਾ ਹੋਥ ਭਿਕਖਵੋ॥ 283॥

283- ਤ੍ਰਿਸ਼ਨਾਵਾਂ ਦੇ ਜੰਗਲ ਦੇ ਰੁੱਖ, ਕੱਟੋ ਸਭ ਅਨਿਕ।
ਦਿੱਵ ਦਰਸ਼ਨ ਦੀ ਇੱਛਾ ਵਾਲਾ ਬਿਰਖ ਨਾ ਕਟੋ ਇੱਕ।
ਬੂਟੇ ਪੇੜ ਕਾਮ-ਇੱਛਾ ਦੇ ਦੇਵੋ ਤੁਸੀਂ ਉਖਾੜ।
ਨਿਰਵਾਨ ਪਦ ਨੂੰ ਪਾ ਲੇਵੋਗੇ ਮੋਲ ਕੇ ਜੀਵਨ ਸਿੱਕ॥
ਯਾਵ ਹਿ ਵਨਥੋ ਨਾ ਛਿੱਜਤਿ। ਅਣੁਮੱਤੋ ਪਿ ਨਰੱਸ ਨਾਰਿਸੁ।
ਪਟਿਬਧਮਨੋ ਵ ਤਾਵ ਸੋ। ਵਚਛੋ ਖੀਰਪਕੋ ਵ ਮਾਤਰਿ॥ 284॥

284- ਕਾਮ ਦਾ ਚਸਕਾ ਨਰ ਨੂੰ ਨਾਰੀ ਦੇ ਬੰਧਨ ਵਿਚ ਪਾਂਦੈ।
ਚਸਕੇ ਖਾਤਰ ਜਦ ਤਕ ਬੰਦਾ ਰਖਦੈ ਕਾਮ ਦੀ ਆਸ।
ਤਦ ਤਕ ਉਸ ਦਾ ਮਨ ਗਲੇ ਪਾਂਦੈ ਈਕਣ ਬੰਧਨ ਫਾਸ।
ਬਛੱੜਾ ਜੀਕਣ ਰਹਿੰਦੈ ਬੱਧਾ ਆਪਣੀ ਮਾਂ ਦੇ ਪਾਸ॥
ਉਚਛਿੰਨ ਸਿਨੇਹਮੱਤਨੋ ਕੁਮੁਦੰ ਸਾਰਦਿਰੀ ਵਪਾਣਿਨਾ।
ਸੰਤਿਮੱਗਮੇਵ ਬਰੂਹਯ ਨਿੱਬਾਨੰ ਸੁਗਤੇਨ ਦੇ ਸਿੰਤ॥ 285॥

285- ਸ਼ਕਤੀ ਨਾਲੇ ਮੋਹ ਨੂੰ ਸੁੱਟੋ ਪਰੇ ਈਕਣ ਝਟ,
ਸਰਦ-ਰੁਤ ਦੇ ਅੰਦਰ ਜੀਕਣ ਕੰਵਲ ਸੁਟੀਦੈ ਕਟ।
ਸ਼ਾਂਤ ਪੱਥ ਤੇ ਤੁਰਦੇ ਜਾਓ ਤੁਸੀਂ ਜਗ ਵਿਚਕਾਰ।
ਬੁੱਧ-ਮਾਰਗ ਦਾ ਜੱਸ ਲਵੋਗੇ ਈਕਣ ਤੁਸੀਂ ਖਟ॥
ਇਸ ਵੱਸੋ ਵਸਿੱਸਾਮਿ, ਇਸ ਹੇਮੰਤਗਿੰਹਿਸੁ।
ਇਤਿ ਬਾਲੋ ਵਿਚਿਤੇਤਿ, ਅੰਤਰਾਯੰ ਨ ਬੁਜਝਤਿ॥ 286॥

286- ਗਰਮੀ, ਸਰਦੀ, ਬਰਖਾ, ਰੁੱਤਾਂ ਵਿਚ ਮੈਂ ਇਥੇ ਰਹਿਸਾਂ।
ਪਿਆ ਰਹਿੰਦੈ ਮੂਰਖ ਹਰਦਮ ਇਨ੍ਹਾਂ ਅੰਦਰ ਸੋਚਾਂ।
ਜਾਣ ਨਾ ਸਕੇ ਉਹ ਤਾਂ ਈਕਣ ਮੌਤ ਦੀ ਆਮਦ ਤਾਈਂ।
ਸਮਝ ਨਾ ਸਕੇ ਉਹ ਤਾਂ ਈਕਣ ਜੀਵਣ ਵਾਲੀਆਂ ਰੋਕਾਂ॥
ਤਮ ਪੁੱਤਪਸੁਸੱਮੱਤੰ, ਬਿਆੱਸਤਮਨਸੰ ਨਰੰ।
ਸੁੱਤੰ ਗਾਮੰ ਮਹੋਬੋ ਵ ਮੱਚੁ ਆਦਾਯ ਗਚਛਤਿ॥ 287॥
ਨ ਸੰਤਿ ਪੁੱਤਾ ਤਾਣਾਯ ਨ ਪਿਤਾ ਨਾਂ ਪਿ ਬੰਧਵਾ।
ਅਤਿਕੇਨਾਪਿਪੱਨੱਸ, ਨਤਥਿ ਵਾਤੀਸੁ ਤਾਣਤਾ॥ 288॥
287+288 ਧਨ ਸੰਤਾਨ ਦੇ ਮੋਹਵਾਨਾਂ ਨੂੰ ਈਕਣ ਮੌਤ ਲਿਜਾਏ,
ਸੁੱਤੇ ਪਿੰਡ ਨੂੰ ਜਲ ਦਾ ਜੀਕਣ ਤਿੱਖਾ ਵੇਗ ਵਹਾਏ।
ਮੌਤ ਲੈਂਦੀ ਪਕੜ ਜਦ ਕਿ ਕਿਸੇ ਤਾਈਂ ਆ ਕੇ,
ਪੁੱਤਰ ਪਿਤਾ, ਬੰਧੂ ਉਸ ਨੂੰ ਕੋਈ ਨਾ ਕਦੇ ਛੁਡਾਏ॥
ਏਤੰ ਅਤਥਵਸੰ ਵਤਵਾ ਪੰਡਿਤੋ ਸੀਲਸੰਵੁਤੋ।
ਨਿੱਬਾਨਗਮਨੰ ਮੱਗੰ ਖਿੱਪਮੇਵ ਵਿਸੋਧਯੇ॥ 289॥
289- ਮੌਤ ਦੀ ਅਸਲੀਅਤ ਤਾਈਂ ਜਿਹੜਾ ਲਏ ਪਛਾਣ।
ਮੁਕਤੀ ਪਦ ਦੇ ਚਾਹੁਣ ਵਾਲਾ ਬਣ ਜਾਏ ਵਿਦਵਾਨ।
ਕਿਉਂ ਜੋ ਮੌਤ ਦੀ ਖ਼ਾਤਰ ਰਹਿਵੇ ਉਹ ਹਰਦਮ ਤਿਆਰ ।
ਅਤੇ ਸਦਾਚਾਰੀ ਬਣ ਕੇ ਪਾਵੇ ਪਦ ਨਿਰਵਾਨ॥

ਇੱਕੀਵਾਂ ਵੱਗ

ਪਕਿਣੱਕ.ਵੱਗੋ (ਪਰਕੀਰਣ ਵਰਗ)

ਮੱਤਾਸੁਖਪਰਿੱਚਾਗਾ, ਪੱਸ ਚੇ ਵਿਪੁਲੰ ਸੁਖੰ।
ਚਜੇ ਮੱਤਾਸੁਖੰ ਧੀਰੋ, ਸੰਪੱਸੋ ਵਿਪੁਲੰ ਸੁਖੰ॥ 290॥
ਪਰਦੁਕਖੂਪਧਾਨੇਨ, ਅੱਤਨੋ ਸੁਖੰ ਇੱਚਛਤਿ।
ਵੇਰਸੰਸੱਗਸੰਸਟਠੋ ਵੇਰਾ ਸੋ ਨ ਪਰਿਮੁੱਚਤਿ॥ 291॥

290+291 ਥੋੜੇ ਸੁਖ ਨੂੰ ਛਡਣ ਨਾਲ ਸੁਖ ਜੇ ਮਿਲੇ ਵਧੀਕ।
ਬੁਧੀਮਾਨ ਉਸ ਸੁਖ ਨੂੰ ਛੱਡੇ ਏਹੀ ਹੈ ਗੱਲ ਠੀਕ।
ਦੂਜਿਆਂ ਨੂੰ ਦੁਖ ਦੇ ਕੇ ਜਿਹੜਾ ਸੁਖ ਨੂੰ ਲਭਣਾ ਚਾਹੇ।
ਵੈਰ ਭਾਵ ਦੀ ਜੀਵਨ ਤੋਂ ਉਹ ਲਾਹ ਨਾ ਸਕੇ ਲੀਕ॥
ਯੰ ਹਿਕਿੱਚੰ ਅਪਵਿਦਧੰ, ਅਕਿੱਚੰ ਪਨ ਕਇਰਤਿ,
ਉੱਨਣਾਨੰ ਪਮੱਤਾਨੰ, ਤੇਸੰ ਵਡਢੰਤਿ ਆਸਵਾ॥ 292॥

292- ਕਰਤਵ-ਕੰਮ ਦੇ ਤਾਈਂ ਜੋ ਕਿ ਬੰਦੇ ਛੱਡਣ ਆਪੇ।
ਅਤੇ ਅਕਰਤਵ ਕੰਮ ਦੇ ਤਾਈਂ ਪੂਰਾ ਕਰਨ ਜਿਹੜੇ।
ਸੱਚ ਦੇ ਤਾਈਂ ਜਗ ਦੇ ਅੰਦਰ ਉਹ ਨਾ ਸਕਣ ਪਾ।
ਮਨ ਦੀ ਮੈਲ ਤਾਂ ਉਨ੍ਹਾਂ ਵਾਲੀ ਵੱਧਦੀ ਜਾਵੇ ਸਹਿਜੇ॥
ਯੇਸੰ ਚ ਸੁਸਮਾਰਦਧਾ, ਨਿੱਚੰ ਕਾਯਗਤਾਸਤਿ।
ਅਕਿੱਚੰ ਤੇ ਨ ਸੇਵੰਤਿ, ਕਿੱਚੇ ਸਾਤੱਚਕਾਰਿਨੋ।
ਸਤਾਨੰ ਸੰਪਜਾਨਾਨੰ, ਅਤਥੰ ਗਚਛੰਤਿ ਆਸਵਾ॥ 293॥

293- ਜਿਹੜੇ ਤਨੋ ਮਨੋ ਰਹਿਵਣ ਜਗ ਵਿਚ ਸਦਾ ਹੁਸ਼ਿਆਰ।
ਕੰਮ ਅਕਰਤਵ ਛੱਡ ਕੇ ਜਿਹੜੇ ਕਰਨ ਫਰਜ਼ ਦੀ ਕਾਰ।

ਉਹੀ ਆਪਣੇ ਮਨ ਦੀ ਮੈਲ ਨੂੰ ਸਹਿਜੇ ਦੇਣ ਉਤਾਰ।
ਉਹੀ ਭਵਸਾਗਰ ਤੋਂ ਸਹਿਜੇ ਆਪੇ ਉਤਰਨ ਪਾਰ॥
ਮਾਤਰੰ ਪਿਤਰੰ ਹੰਤਵਾ, ਰਾਜਾਨੋ ਦੇਵ ਖੱਤਿਯੇ।
ਰੱਟਠੰ ਸਾਨੁਚਰੰ ਹੰਤਵਾ, ਅਨੀਘੋਯਾਤਿ ਬ੍ਰਾਹਮਣੋ॥ 294॥

294– ਜੇਕਰ ਬ੍ਰਾਹਮਣ ਤ੍ਰਿਸ਼ਨਾ ਹੰਕਾਰ ਰੂਪੀ ਮਾਤ ਪਿਤਾ ਨੂੰ ਮਾਰੇ।
ਮਾਰੇ ਦੋਨੋਂ ਜਾਬਰ ਰਾਜੇ, ਕਾਮ ਦੇ ਰਾਠ ਦੀ ਸੈਨਾ।
ਤਾਂ ਵੀ ਉਸ ਨੂੰ ਪਾਪ ਨਾ ਲਗੇ ਇਨ੍ਹਾਂ ਕਰਮਾਂ ਦਾ।
ਦੁਖ ਤੋਂ ਛੁਟ ਕੇ ਸੁਖ ਨੂੰ ਪਾਵੇ ਇਨ੍ਹਾਂ ਕਰਮਾਂ ਰਾਹੀਂ॥
ਮਾਤਰੰ ਪਿਤਰੰ ਹੰਤਵਾ, ਰਾਜਾਨੋ ਦੋ ਚ ਸੋਤਥਿਯੇ।
ਵੇਯਗਘਪੰਚਮੰਹੰਤਵਾ, ਅਨੀਘੋਯਾਤਿ, ਬ੍ਰਾਹਮਣੋ॥ 295॥

295– ਜੇਕਰ ਬ੍ਰਾਹਮਣ ਤ੍ਰਿਸ਼ਨਾ, ਹੰਕਾਰ ਰੂਪੀ ਮਾਤਾ ਪਿਤਾ ਨੂੰ ਮਾਰੇ,
ਮਾਰੇ ਦੋਨੋਂ ਜਾਬਰ ਰਾਜੇ, ਪੰਜੇ ਬਿਘਨਾਂ ਤਾਈਂ।
ਤਾਂ ਵੀ ਉਸ ਨੂੰ ਪਾਪ ਨਾ ਲਗੇ ਇਨ੍ਹਾਂ ਕਰਮਾਂ ਦਾ।
ਦੁਖ ਤੋਂ ਛੁਟ ਕੇ ਸੁਖ ਨੂੰ ਪਾਵੇ ਇਨ੍ਹਾਂ ਕਰਮਾਂ ਰਾਹੀਂ॥
ਸੁੱਪਬੁੱਦਧੰ ਪਬੁਜਝੰਤਿ, ਸਦਾ ਗੋਤਮਸਾਵਕਾ।
ਯੇਸੰ ਦਿਵਾ ਚਰੱਤੋ ਚ, ਨਿੱਚੰ ਬੁਦਧਗਤਾ ਸਤਿ॥ 296॥
ਸੁੱਪਬੁਦਧੰ ਪਬੁਜਝੰਤਿ, ਸਦਾ ਗੋਤਮਸਾਵਕਾ
ਯੇਸੰ ਦਿਵਾ ਚਰੱਤੋ ਚ, ਨਿੱਚੰ ਧੱਮਗਤਾ ਸਤਿ।297।

296+297 ਗੌਤਮ ਦੇ ਸੁਚੇਤ ਸ਼ਰਧਾਲੂ ਹਰਦਮ ਜਾਗਦੇ ਰਹਿਣ।
ਅਤੇ ਅਹਿਨਿਸ ਨਿੱਜ-ਲਿੱਵ ਤਾਈਂ ਬੁੱਧ ਧਿਆਨ ਵਿਚ ਲਾਣ॥
ਗੌਤਮ ਦੇ ਸੁਚੇਤ ਸ਼ਰਧਾਲੂ ਸੂਝ ਬੂਝ ਉਪਜਾਣ।
ਅਤੇ ਅਹਿਨਿਸ ਨਿੱਜ-ਮਨ ਤਾਈਂ ਧਰਮ ਧਿਆਨ ਵਿਚ ਲਾਣ।
ਸੁੱਪਬੁਦਧੰ ਪਬੁਜਝੰਤਿ, ਸਦਾ ਗੋਤਮਸਾਵਕਾ,
ਯੇਸ ਦਿਵਾ ਚਰੱਤੋ ਚ ਨਿੱਚੰ ਸੰਘਗਤਾ ਸਤਿ॥ 298॥
ਸੁੱਪਬੁਦਧੰ ਪਬੁਜਝੰਤਿ, ਸਦਾ ਗੋਤਮਸਾਵਕਾ।
ਯੇਸੰ ਦਿਵਾ ਚਰੱਤੋ ਚ, ਨਿੱਚੰ ਕਾਯਗਤਾ ਸਤਿ॥ 299॥

298+299 ਗੌਤਮ ਦੇ ਸ਼ਰਧਾਲੂ ਹਰਦਮ ਜੀਵਨ-ਜੋਤ ਜਗਾਣ,
ਅਤੇ ਅਹਿਨਿਸ ਨਿੱਜ-ਲਿਵ ਤਾਈਂ ਸੰਘ ਧਿਆਨ ਵਿਚ ਲਾਣ।

ਗੌਤਮ ਦੇ ਸ਼ਰਧਾਲੂ ਮਨ ਵਿਚ ਨਾਮ-ਰੰਗ ਉਪਜਾਣ।
ਅਤੇ ਹਰਦਮ ਇੱਕਸੁਰ ਹੋਕੇ ਕਾਇਆ ਵਿਕਾਰ ਮਿਟਾਣ॥
ਸੁੱਪਬੁਦਧੰ ਪਬੁਜਝੰਤਿ, ਸਦਾ ਗੋਤਮਸਾਵਕਾ,
ਯੇਸੰ ਦਿਵਾ ਚਰੱਤੋ ਚ, ਅਹਿੰਸਾਯ ਰਤੋ ਮਨੋ॥ 300॥
ਸੁੱਪਬੁਦਧੰ ਪਬੁਜਝੰਤਿ ਸਦਾ ਗੋਤਮਸਾਵਕਾ।
ਯੇਸ ਦਿਵਾ ਚ ਰੱਤੋ ਚ ਭਾਵਨਾਯ ਰਤੋ ਮਨੋ॥ 301॥

300+301 ਗੌਤਮ ਦੇ ਸ਼ਰਧਾਲੂ ਦੈਵੀ ਸੂਝ-ਬੂਝ ਉਪਜਾਣ।
ਅਤੇ ਜੀਵਨ ਬਿਰਤੀ ਤਾਈਂ ਅਹਿੰਸਾ ਤੇ ਲਾਣ।
ਗੌਤਮ ਦੇ ਸ਼ਰਧਾਲੂ ਹਰਦਮ ਮਨ ਧਿਆਨ ਵਿਚ ਲਾਣ,
ਅਤੇ ਜੀਵਨ-ਲੋਚਾ ਨਾਲੇ ਪ੍ਰੇਮ-ਪਦਾਰਥ ਪਾਣ॥
ਦੁੱਪੱਬੱਜੰ ਦੁਰਭਿਰਮੰ, ਦੁਰਾਵਾਸਾ ਘਰਾ ਦੁੱਖਾ।
ਦੁਕਖੋਸਮਾਨਸੰਵਾਸੋ, ਦੁਕਖਾਨੁਪਤਿਤ ਦਧਗੂ।
ਤਸਮਾ ਨ ਚਦਧਗੂਸਿਯਾ, ਨ ਚ ਦੁਕਖਾਨੁਪਤਿਤੋ ਸਿਯਾ॥ 302॥

302- ਗਿਰਹੀ ਅਤੇ ਉਦਾਸੀ ਹੈਵਨ, ਦੋਨੇ ਮੱਗ ਕਠਿਨ।
ਮਾੜੇ ਬੰਦਿਆਂ ਨਾਲ ਤਾਂ ਰਹਿਵਣ ਜਨ ਤਾਂ ਅਪ੍ਰਸੰਨ।
ਆਵਾਗਮਨ ਦੇ ਮੱਗ ਵਿਚ ਡਿਗਣਾ ਹੈਵੇ ਸਦ ਦੁਖਦਾਈ।
ਚਾਹੀਦਾ ਹੈ ਜਨਮ-ਮਰਨ ਤੋਂ ਛੁੱਟੇ ਸਹਿਜੇ ਜਨ॥
ਸਦਧੋ ਸੀਲੇਨ, ਸੰਪੰਨੋ ਯਸੋਭੋਗਸਮੱਪਿਤੋ।
ਯੇ ਯੇ ਪਦੇਸੰ ਭਜਤਿ, ਤਤਥ ਤਤਥੇਵ ਪੂਜਿਤੋ॥ 303॥

303- ਸਦਾਚਾਰ ਕੁਰਬਾਨੀ ਹੁਨਰ ਅਤੇ ਸ਼ਰਧਾ ਵਾਲਾ।
ਜਿੱਥੇ ਜਾਵੇ ਜਗ ਦੇ ਅੰਦਰ ਰਹਿਵੇ ਸਦਾ ਸੁਖਾਲਾ।
ਸਚੀਂ ਮੁਚੀਂ ਉਹ ਹੈ ਬੰਦਾ, ਜਗ ਦੇ ਪੂਜਣ ਯੋਗ।
ਜਿਹੜਾ ਜਪਦੈ ਪ੍ਰੇਮ ਗਿਆਨ ਤੇ ਸੇਵਾ ਵਾਲੀ ਮਾਲਾ॥
ਦੂਰੇ ਸੰਤੋ ਪਕਾਸੇਂਤਿ ਹਿਮਵੰਤੋ ਵ ਪੱਬ ਤੋ।
ਅਸੰਤੇਤਥ ਨਾ ਦਿੱਸੰਤਿ ਰੱਤਿੰ ਖਿੱਤਾ ਯਥਾ ਸਰਾ॥ 304॥

304- ਦੂਰ ਤੋਂ ਹਿੰਮ ਦੇ ਪਰਬਤ ਵਾਕਰ ਸੁਰਜਨ ਨਿੱਤ ਲਿਸ਼ਕਾਣ।
ਅਤੇ ਜਗ ਦੀ ਸੱਚੀ ਅਤੇ ਸੁੱਚੀ ਸ਼ੋਭਾ ਪਾਣ।
ਐਪਰ ਦੁਰਜਨ ਜਗ ਦੇ ਅੰਦਰ ਇਉਂ ਗੁਮਰੁਠ ਹੋ ਜਾਣ।
ਤੀਰ ਹਨ੍ਹੇਰੇ ਵਿਚ ਜਿਉਂ ਸੁਟੇ ਨਜ਼ਰੀ ਕਿਤੇ ਨਾ ਆਣ॥

ਏਕਾਸਨੰ ਏਕਸੇੱਯੰ ਏਕੰ ਚਰੰ ਅਤੰਦਿਤੋ।
ਏਕੋ ਦਮਯੰਅੱਤਾਨੰ, ਵ੍ਹਨੰਤੇ ਰਮਿਤੋ ਸ਼ਿਯਾ॥ 305॥

305- ਇੱਕੋ ਬ੍ਰਹਮ ਸਿਉਂ ਉੱਠੇ ਬੈਠੇ, ਇੱਕ ਸਿਉਂ ਰਹੇ ਸੁਚੇਤ।
ਆਲਸ ਨਾਲੋਂ ਉੱਚਾ ਹੋਕੇ ਇੱਕ ਸਿਉਂ ਲਾਵੇ ਹੇਤ।
ਅਤੇ ਆਪਣੀ ਕੋਸ਼ਿਸ਼ ਨਾਲੇ ਮਨ ਨੂੰ ਜਿੱਤੇ ਆਪੇ।
ਈਕਣ ਲੱਭੇ ਜਨ ਇਕਾਂਤੀ ਦਿਵ ਜੀਵਨ ਦਾ ਭੇਤ॥

ਬਾਈਵਾਂ ਵੱਗ

ਨਿਰਯਵੱਗੋ (ਨਿਰਯ ਵਰਗ)

ਅਭੂਤਵਾਦੀ, ਨਿਰਯੰ ਓਪੋਤਿ। ਯੋ ਵਾ ਪਿ ਕਤਵਾ ਨ ਕਰੋਮਿ ਚਾਹ।
ਉਭੋ ਪਿ ਤੇ ਪੋਂ ਚ ਸਮਾ ਭਵਤਿ, ਨਿਹੀਨਕੱਮਾ ਮਨੁਜਾ ਪਰਤਖ॥ 306॥

306– ਝੂਠਾ ਬੰਦਾ ਪਾਪੀ ਅਤੇ ਬਦਨੀਅਤ ਬਣ ਜਾਏ।
ਆਪਣੇ ਕੀਤੇ ਤੋਂ ਜੋ ਮੁਕਰੇ ਮਨ ਦੀ ਮੈਲ ਵਧਾਏ।
ਧੋਖੇਬਾਜ ਤੇ ਦੰਭੀ ਠੱਗ ਤਾਂ ਆਪਣੀ ਜੂਨ ਗਵਾਏ।
ਸੱਚ ਦੀ ਹੋਂਦ ਨਾ ਮੰਨਣ ਵਾਲਾ ਓੜਕ ਨਰਕ, ਸਿਧਾਏ॥

ਕਾਸਾਵਕੰਠਾ ਬਹਵੋ ਪਾਪਧੱਮਾ ਅਸਵੱਤੀ।
ਪਾਪਾ ਪਾਪੇਹਿ ਕੱਮੇਹਿ ਨਿਰਯੰ ਤੇ ਉਪਪੱਜਰੇ॥ 307॥

ਸੋਂ ਯੋ ਅਯੋਗੁਣੋ ਤੁੱਤੋ ਤੱਤੋ ਅੱਗਿਸਿਖੂਪਸੋ।
ਯੰਚੇ ਭ ਜੇਯੱ ਦੁੱਸੀਲੋ ਰਟਠਪਿੰਡੰ ਅੱਸਵਤੋ॥ 308॥

307+308 ਪਾਪੀ ਅਤੇ ਅਨੇਮੀ ਜਨ ਜੋ ਗੇਰੂਏ ਵਸਤਰ ਪਾਂਦੇ।
ਉਹ ਤਾਂ ਓੜਕ ਪਾਪ ਦੇ ਕਾਰਨ ਨਰਕਾਂ ਵਲ ਸਿਧਾਂਦੇ।
ਅਸੰਜਮੀ, ਦੁਰਾਚਾਰੀ ਹੋ ਕੇ ਭਿਖਿਆ ਅੰਨ ਨੂੰ ਖਾਂਦੇ।
ਅੱਗ ਦੀ ਲਾਟ ਦੇ ਵਾਂਗਰ ਉਹ ਤਾਂ ਤੱਤਾ ਲੋਹਾ ਚਬਾਂਦੇ॥

ਚੱਤਾਰਿ ਠਾਨਾਨਿ ਨਰੋ ਪਮੱਤੋ। ਆਪੱਜਤਿ ਪਰਦਾਰੂਸੇਵੀ।
ਅਪੁੱਲਾਭੰ ਨ ਨਿਕਾਮੀਸੋੱਯੰ ਨਿੰਦੰ ਤਤੀਯੰ ਨਿਰਯੰ ਚਤੁਤਥੰ॥ 309॥

309– ਪਰਨਾਰੀ ਨੂੰ ਭੋਗਣ ਵਾਲਾ ਹੁੰਦੈ ਔਗੁਣਹਾਰ।
ਪਾਪ, ਅਨੀਂਦਰ, ਨਿੰਦਾ, ਨਰਕ ਉਹ ਪਾਂਦੈ ਦੁੱਖ ਚਾਰ।
ਪਰਨਾਰੀ ਨੂੰ ਭੋਗਣ ਵਾਲਾ ਹੀਰਾ ਜਨਮ ਗੰਵਾਂਦੇ।
ਅਤੇ ਜਗ ਤੋਂ ਤੁਰਦੇ ਹੋਕੇ ਖ਼ਜਲ ਅਤੇ ਖੁਆਰ॥

ਅਪੁੱਲਾਭੋ ਚ ਗਤੀ ਚ ਪਾਪਿਕਾ। ਭੀਤੱਸ ਭੀਤਸਯ ਰਤੀ ਚ ਥੋਕਿਕਾ।
ਰਾਜਾ ਚ ਦੰਡੰ ਗਰੁਕੰ ਪਣੇਤਿ, ਤਸਮਾ ਨਰੋ ਪਰਦਾਰੰ ਨਾ ਸੇਵੇ॥ 310॥

310– ਪਰਨਾਰੀ ਨੂੰ ਭੋਗਣ ਵਾਲਾ ਪਾਪ ਗਤੀ ਨੂੰ ਪਾਵੇ।
ਭੈ-ਭੀਤ ਹੋਇਆ ਨਿੱਤ ਫਿਰੇ ਆਜੀਵਨ ਅਪਜਸ ਪਾਵੇ।
ਅਤੇ ਦੇਸ਼ ਹਕੂਮਤ ਕੋਲੋਂ ਮਾਰ ਬਥੇਰੀ ਖਾਵੇ।

ਨਿਰਯ - - - - - - ਨਰਕ

ਇਸ ਲਈ ਵਿਭਚਾਰ ਦੇ ਮੱਗ ਤੇ ਦਾਨਾ ਕਦੇ ਨਾ ਜਾਵੇ॥
ਕੁਸੋ ਯਥਾ ਦੁੱਗਹਿਤੋ, ਹਤਥਮੇਵਾਨੁੰਕੰਤਤਿ।
ਸਾਮੱਵੰ ਦੁੱਪਰਾਮਟਠੰ, ਨਿਰਯਾਯੁਪਕਡਢਤਿ॥ 311॥

311- ਜੀਕਣ ਠੀਕ ਨਾ ਫੜਿਆ ਕੰਡਾ ਹੱਥ ਦੇ ਤਾਈਂ ਦੁੱਖਾਵੇ।
ਬੇ-ਅਮਲ ਸਾਧੂਪਨ ਐਂਵੇਂ ਨਰਕਾਂ ਅੰਦਰ ਪਾਵੇ।
ਜਿਸ ਸਾਧੂ ਨੇ ਚਸਕਾ ਖਾਤਰ ਸਾਧੂਪਨ ਨੂੰ ਧਾਰੈ।
ਉਹ ਤਾਂ ਓੜਕ ਬੇਪਤ ਹੋਕੇ ਆਪਣੀ ਜੂਨ ਗਵਾਵੇ॥
ਯੇ ਕਿੰਚਿ ਸਿਥਿਲੰ ਕੱਮੰ, ਸੰਕਿਲਿਟਠੰ ਚ ਯੰ ਵਤੰ।
ਸੰਕੱਸਰੰ ਬ੍ਰਹਮਚਰਿਯੰ ਨ ਤੰ ਹੋਤਿ ਮਹਪਫਲੰ॥ 312॥

312- ਸਿਥਲਤਾ ਦੇ ਨਾਲੇ ਜਿਹੜਾ ਕੰਮ ਹੈ ਕੀਤਾ ਜਾਂਦਾ।
ਬੇਮਰਿਯਾਦਾ ਵਰਤ ਜਿਹੜਾ ਜਾਂਦਾ ਹੈਵੇ ਰੱਖਿਆ।
ਜਤ ਜੋ ਭੈ ਦੇ ਨਾਲੇ ਜਗ ਵਿਚ ਪਾਲਣ ਕੀਤਾ ਜਾਵੇ।
ਫ਼ਲ ਨਾ ਦੇਵਣ ਜੀਵਨ ਅੰਦਰ ਉਹ ਹਰਗਿਜ਼ ਕੋਈ ਵੱਡਾ॥
ਕਇਰਾ ਚ ਕਇਰਾਥੇਨੰ, ਦਣਹਮੇਤੰ ਪਰੱਕਮੇ।
ਸਿਥਿਲੋ ਹਿ ਪਰਿੱਬਾਜੋ, ਭਿੱਯੋ ਆਕਿਰਤੇ ਰਜੰ॥ 313॥

313- ਜਿਸ ਕੰਮ ਦਾ ਵੀ ਬੀੜਾ ਚੁਕੇ ਉਸ ਨੂੰ ਕਰੇ ਪੂਰਾ।
ਨਹੀਂ ਤਾਂ ਭਿੱਖੂ ਜਗ ਦੇ ਅੰਦਰ ਗੰਦ ਖਿੰਡਾਵੇ ਬਹੁਤਾ।
ਭਿੱਖੂ ਰਹਿਵੇ ਆਪਣੇ ਬਚਨ ਕੌਲ ਦਾ ਹਰਦਮ ਰਾਖਾ।
ਨਹੀਂ ਤਾਂ ਜਗ ਦੇ ਵਿਚ ਹੋ ਜਾਸੀ ਓੜਕ ਉਹ ਬੇਪਤਾ॥
ਅਕੰਤੰ ਦੁੱਕਟੰ ਸੇੱਯੋ, ਪਚਛਾ ਤੱਪਤਿ ਦੁੱਕਟੰ।
ਕੰਤ ਚ ਸੁਕਤੰ ਸੇਂਯੋ, ਯੰ ਕਤਵਾ ਨਾਨੁਤੱਪਤਿ॥ 314॥

314- ਪਾਪ ਹੈ ਕਰਨਾ ਭੈੜਾ ਕਿਉਂ ਜੋ ਇਹ ਸੰਤਾਪ ਲਿਆਂਦੈ।
ਪਾਪ ਹੈ ਕਰਨਾ ਭੈੜਾ ਕਿਉਂ ਜੋ ਇਹ ਨਰਕੀ ਲੈ ਜਾਂਦੈ।
ਪੁੰਨ ਹੈ ਕਰਨਾ ਚੰਗਾ ਕਿਉਂ ਜੋ ਉਹ ਤਾਂ ਦੁੱਖ ਮਿਟਾਂਦੈ।
ਪੁੰਨ ਹੈ ਕਰਨਾ ਚੰਗਾ ਕਿਉਂ ਜੋ ਉਹ ਸੁਰਗੀਂ ਪਹੁੰਚਾਂਦੈ॥
ਨਗਰੰ ਯਥਾ ਪੱਚੰਤੰ ਗੁੱਤੰ ਸੰਤਰਬਾਹਿਰੰ।
ਏਵੰ ਗੋਪੇਥ ਅੱਤਾਨੰ ਖਣੋ ਵੋ ਮਾ ਉਪੱਚਗਾ।
ਖਣਾਤੀਤਾ ਹਿ ਸੋਚੰਤਿ, ਨਿਸਯੰ ਹਿ ਸਮੱਪਿਤਾ॥ 315॥

315- ਦੇਸ਼ ਦੀ ਜੀਕਣ ਅੰਦਰ ਬਾਹਰ ਕੀਤੀ ਜਾਵੇ, ਰੱਖਿਆ।
ਈਕਣ ਬੰਦਾ ਨਿੱਜ-ਜੀਵਨ ਦੀ ਰਾਖੀ ਕਰੇ ਹਮੇਸ਼ਾ।
ਆਪਣੇ ਸਮੇਂ ਤਾਈਂ ਕਰੇ ਬੰਦਾ ਸਫਲ ਹਮੇਸ਼ਾ।

ਕਿਉਂ ਜੋ ਸਮਾਂ ਗੰਵਾਵਣ ਵਾਲਾ ਨਰਕ ਦੇ ਵਿਚ ਹੈ ਜਾਂਦਾ॥
ਅੱਲਜਿਤਾਯੇ ਲੱਜੈਤਿ, ਲੱਜਿਤਾਯੇ ਨ ਲੱਜਰੇ।
ਮਿਚਛਾਦਿਟਠਿਸਮਾਦਾਨਾ, ਸੱਤਾ ਗਚਛੰਤਿ ਦੁੱਗਤਿੰ॥ 316॥

316- ਜੋ ਅਲੱਜਿਜ ਕੰਮਾਂ ਅੰਦਰ ਕਰਦੇ ਹੈਵਨ ਲੱਜਾ।
ਅਤੇ ਲੱਜਿਤ ਕੰਮਾਂ ਅੰਦਰ ਕਰਨ ਨਾ ਲੱਜਾ ਉੱਕਾ।
ਝੂਠੀ ਰਹਿਣੀ ਵਾਲੇ ਉਹ ਤਾਂ ਦੁਰਗਤ ਲੈਵਣ ਪਾ।
ਅਤੇ ਈਕਣ ਜਗ ਵਿਚ ਦੇਵਣ ਆਪਣੀ ਜੂਨ ਗਵਾ॥
ਅਭਯੇ ਤਯਦੱਸਿਨੋ, ਭਯੇ ਚਾਭਯਦੱਸਿਨੋ।
ਮਿਚਛਾਦਿਟਠਿਸਮਾਦਾਨਾ, ਸੱਤਾ ਗਚਛੰਤਿ ਦੁੱਗਤਿੰ॥ 317॥

317- ਭੈ-ਯੋਗ ਕੰਮਾਂ ਦੇ ਅੰਦਰ ਜਿਹੜੇ ਭੈ ਨਾ ਰੱਖਣ।
ਭੈ-ਅਯੋਗ ਕੰਮਾਂ ਵਿਚ ਐਪਰ ਜਿਹੜੇ ਭੈ ਨੂੰ ਵਰਤਣ।
ਦੁਰਗਤੀ ਨੂੰ ਪਾਵਣ ਝੂਠੀ ਰਹਿਣੀ ਵਾਲੇ ਉਹ।
ਅਤੇ ਓੜਕ ਜੀਵਨ ਦੀ ਕੁਲਜੱਤ ਤਾਈਂ ਚੱਖਣ॥
ਅਵੱਜੇ ਵੱਜਮਤਿਨੋ ਵੱਜੇ ਚਾਵੱਜੱਦਸਿਨੋ।
ਮਿਚਛਾਦਿਟਠਿਸਮਾਦਾਨਾ, ਸੱਤਾ ਗੱਛਤਿ ਦੁੱਗਤਿੰ॥ 318॥

318- ਵਰਜਿਤ ਵਿਸ਼ਿਆਂ ਅੰਦਰ ਜਿਹੜੇ ਪਾਵਣ ਜੀਵਨ-ਮੋਹ।
ਦਿਲਚਸਪੀ ਨਾ ਲੈਵਣ ਜਾਇਜ਼ ਵਿਸ਼ਿਆਂ ਅੰਦਰ ਜੋ।
ਦੁਰਗਤੀ ਨੂੰ ਪਾਵਣ ਝੂਠੀ ਰਹਿਣੀ ਵਾਲੇ ਉਹ,
ਅਤੇ ਓੜਕ ਜਗ ਦੇ ਅੰਦਰ ਇਜ਼ੱਤ ਦੇਵਣ ਖੋਹ॥
ਵੱਜੇ ਚ ਵੱਜਤੋ ਵਤਵਾ, ਅੱਵਜੇ ਚ ਅਵੱਜਤੋ।
ਸੱਮਾਦਿਟਠਿਸਮਾਦਾਨਾ, ਸੱਤਾ ਗਚਛੰਤਿ ਸੁੱਗਤਿੰ॥319॥

319- ਵਰਜਿਤ ਵਿਸ਼ਿਆਂ ਤਾਈਂ ਜਿਹੜੇ ਵਰਜਿਤ ਲੈਵਣ ਜਾਣ,
ਅਤੇ ਅਵਰਜਿਤ ਤਾਈਂ ਲੈਵਣ ਅਵਰਜਿਤ ਪਹਿਚਾਣ।
ਉਹ ਦਿੱਵ-ਅੱਖਾਂ ਵਾਲੇ ਓੜਕ ਦੇਵ-ਗੱਤੀ ਨੂੰ ਪਾਣ।
ਅਤੇ ਆਪਣੀ ਸ਼ੋਭਾ ਤਾਈਂ ਜਗ ਦੇ ਵਿਚ ਵਧਾਣ॥



ਤੇਈਵਾਂ ਵੱਗ

ਨਾਗਵੱਗ (ਨਾਗ ਵਰਗ)

ਅਹੰ ਨਾਗੋ ਵ ਸੰਗਾਮੇ, ਚਾਪਤੋ ਪਤਿਤੰ ਸਰੰ।
ਅਤਿਵਾਕਯੰ ਤਿਤਿਕਖਿੱਸੋ ਦੁੱਸੀਲੋ ਹਿ ਬੱਹੁਜਨੋ॥ 320॥

320- ਰਣ ਦੇ ਅੰਦਰ ਹਾਥੀ ਜੀਕਣ ਬਾਣਾ ਤਾਈਂ ਜਰੇ।
ਈਕਣ ਸਾਧੂ ਜੀਵਨ ਰਣ ਵਿਚ ਭੈੜੇ ਸ਼ਬਦ ਸਹੇ।
ਜਗ ਦੇ ਅੰਦਰ ਸੱਚੇ ਸਾਧੂ ਹੈਵਨ ਕੋਈ ਵਿਰਲੇ।
ਜਗਤ ਵਿਚਾਲੇ ਸਚਮੁਚ ਹੈਵਨ ਭੈੜੇ ਜਨ ਤਾਂ ਬਹੁਤੇ॥

ਦੰਤੰ ਨਯੰਤਿ ਸਮਿੱਤਿੰ ਦੰਤੰ ਗਜਾਭਿਰੂਹਤਿ।
ਦੰਤੋ ਸੇਟਠੰ ਮੱਨੁਸੇਸੁ ਯੋਤਿਵਾਕਯੰ ਤਿਤਿਕਖਤਿ॥ 321॥

321- ਸਿਧੇ ਹੋਏ ਹਾਥੀ ਤਾਈਂ ਰਣ ਵਿਚ ਲੋਕ ਲਿਜਾਣ।
ਉਸ ਨੂੰ ਰਾਜੇ ਲੋਕ ਵੀ ਆਪਣਾ ਵਾਹਣ ਖਰਾ ਬਨਾਣ।
ਕਠੋਰ ਬਚਨਾਂ ਨੂੰ ਜਰਨ ਵਾਲਾ ਬਣੇ ਪੁਰਖ ਮਹਾਨ।
ਅਤੇ ਜੀਵਨ-ਜੱਸ ਨੂੰ ਖੱਟ ਕੇ ਬਣ ਜਾਏ ਸੁਜਾਨ॥

ਵਰੰ ਅੱਸਤਰਾ ਦੁੰਤਾ ਆਜਾਨੀਯਾ ਚ ਸਿੰਧਵਾ।
ਕੁੰਜਰਾ ਚ ਮਹਾਨਾਗਾ, ਅੱਤਦੰਤੋ ਤਤੋ ਵਰੰ॥ 322॥

322- ਸਿਧੇ ਹੋਏ ਖਚਰ, ਘੋੜੇ, ਹਾਥੀ ਲਗਣ ਚੰਗੇ,
ਆਪਾ ਜਿੱਤਣ ਵਾਲੇ ਈਕਣ ਹੋਵਣ ਚੰਗੇ ਬੰਦੇ।
ਜਿਹੜੇ ਆਪਣੇ ਆਪੇ ਤਾਈਂ ਛਡਣ ਆਪ ਮੁਹਾਰਾ।
ਉਹੀ ਓੜਕ ਖੁਦ ਬਣ ਜਾਵਣ ਭੈੜੇ ਅਤੇ ਕੁਢੰਗੇ॥

ਨ ਹਿ ਏਤੇਹਿ ਯਾਨੇਹਿ ਗਚਛੇ ਯੱ ਅਗਤੰ ਦਿਸੰ।
ਯੱਥਾਤਨਾ ਸੁਦੰਤੇਨ, ਦੰਤੇ ਦੰਤੇਨ ਗਚਛਤਿ॥ 323॥

323- ਹਾਥੀ, ਘੋੜੇ, ਖਚਰ ਨਰ ਨੂੰ ਨਿਰਵਾਨ ਨਾ ਦੇਵੇ।
ਜੀਕਣ ਸਿਖਿਆ ਮਨ ਹਰ ਥਾਂ ਤੇ ਬੰਦੇ ਤਾਈਂ ਸੇਵੇ।

ਨਾਗ - - - - - - ਹਾਥੀ।

ਜਿੱਤੇ ਹੋਏ ਮਨ ਦਾ ਮਾਲਕ ਜਗ ਦਾ ਬਣੇ ਸੁਆਮੀ।
ਮਨ ਦਾ ਜੇਤੂ ਸਚੀਂ ਮੁਚੀਂ ਦੈਵੀ ਖਾਵੇ ਮੇਵੇ॥
ਧਨਪਾਲੋ ਨਾਮ ਕੁੰਜਰ। ਕਟੁਕਭੇਦਨੋ ਦੁੱਨਿਵਾਰਯੋ।
ਬਦਧੋ ਕੈਬਲੰ ਨ ਭੁੰਜਤਿ, ਸੁਮਰਤਿ ਨਾ ਗਵੱਨਸ ਕੁੰਜਰੋ॥ 324॥

324- ਧਨਪਾਲ ਜੰਗਲ ਦਾ ਹਾਥੀ ਜਦੋਂ ਕੈਦ ਵਿਚ ਆਵੇ।
ਕੈਦ ਦੇ ਦੁੱਖ ਦੇ ਕਾਰਨ ਉਹ ਤਾਂ ਉੱਕਾ ਕੁਝ ਨਾ ਖਾਵੇ।
ਹਰਦਮ ਬਨ ਦੀ ਯਾਦ ਦੇ ਅੰਦਰ ਝੁਰੇ ਤੇ ਪਛਤਾਵੇ।
ਈਕਣ ਵਿਚ ਵਿਜੋਗ ਦੇ ਭਰਨ ਆਸ਼ਕ ਵਲ ਵਲ ਹਾਵੇ॥
ਮਿਦਧੀ ਯਦਾ ਹੋਤਿ ਮਹਗਘਸੋ ਚ, ਨਿੱਦਾਇਤਾ ਸੰਪਰਿਵੱਤਸਾਈ।
ਮਹਾਵਰਾਹੋ ਵ ਨਿਵਾਪਪੁਟਠੋ। ਪੁਨਪੁੱਨੰ ਗਥਭਮੁਪੇਤਿ ਮੰਦੋ॥325॥

325- ਪੇਟੂ ਬਣ ਕੇ ਬੰਦਾ ਜਦਕਿ ਆਪਣੀ ਤੋਂਦ ਵਧਾਵੇ।
ਅਤੇ ਆਲਸ, ਨੀਂਦਰ ਅੰਦਰ ਆਪਣਾ ਸਮਾਂ ਬਿਤਾਵੇ।
ਅਤੇ ਚਰ ਕੇ ਜਗਤ ਖੇਤ ਵਿਚ ਸੂਅਰ ਵਾਕਰ ਬਣੇ।
ਜਨਮ ਮਰਨ ਦੇ ਚਕਰਾਂ ਵਿਚ ਤਾਂ ਬਾਰਬਾਰ ਉਹ ਆਵੇ॥
ਇਦੰ ਪੁਰੇ ਚਿੱਤੰ ਅਚਾਰਿ ਚਾਰਿਕੰ। ਯੇਨ੍ਹ ਇੱਚਛਕੰ ਯਤਥਕਾਮੰ ਯਥਾਸੁਖੰ।
ਤਦੱਜਹੰ ਨਿੱਗਹੇ ਸੱਂਮਿ ਯੋਨਿਸੋ। ਹਤਖਿੱਪਭਿੰਨੰ ਵਿਯ ਅੰਕੁਸੱਗਹੋ॥ 326॥

326- ਮਨ ਚੰਚਲ ਨੂੰ ਈਕਣ ਸਾਧੂ ਆਪਣੇ ਵਸ ਵਿਚ ਲਾਵੇ।
ਜੀਕਣ ਅੰਕੁਸ਼ ਨਾਲ ਮਹਾਵਤ, ਹਾਥੀ ਤਾਈਂ ਚਲਾਵੇ।
ਮਨ ਚੰਚਲ ਤੇ ਸਾਧੂ ਈਕਣ ਸਹਿਜੇ ਕਾਬੂ ਪਾਵੇ।
ਜੀਕਣ ਕਾਰੀਗਰ ਯੰਤਰ ਨੂੰ ਸਹਿਜੇ ਖ਼ੁਦ ਹਥਿਆਵੇ॥
ਅੱਪਮਾਦਰਤਾ ਹੋਥ, ਸਚਿੱਤਮਨੁਰਕਖਥ,
ਦੁੱਗਾ ਉਦਧਰਥੱਤਾ ਨੰ, ਪੰਕੇ ਸਨੋ ਵ ਕੁੰਜਰੋ॥ 327॥

327- ਮਨ ਦੀ ਕਰੋ ਸਦੀਵੀ ਰੱਖਿਆ ਹੋਕੇ ਸਦ ਹੁਸ਼ਿਆਰ।
ਮਨ ਨੂੰ ਲਾਓ ਸਿਮਰਨ ਅੰਦਰ ਡੱਟ ਕੇ ਬਾਰਮਬਾਰ।
ਵਿਸ਼ੇ ਵਿਕਾਰਾਂ ਤੋਂ ਨਿੱਜ ਮਨ ਨੂੰ ਈਕਣ ਲਓ ਸੁਧਾਰ।
ਜੀਕਣ ਹਾਥੀ ਚਿਕੜ ਨਾਲੋਂ ਕਰਦੈ ਸਵੈ-ਸੁਧਾਰ॥
ਸਚੇ ਲਭੇਥ ਨਿਪਕੰ ਸਹਾਯੰ। ਸਦਧਿੰ ਚਰੰ ਸਾਧੁਵਿਹਾਰਿਧੀਰੰ।
ਅਭਿਭੁੱਯ ਸੱਬਾਨਿ ਪਰਿੱਸਯਾਨਿ। ਚਰੇਯੱ ਤੇਨੱਤਮਨੋ ਸਤੀਆ॥ 328॥


ਧੰਨ ਲੇਖਾਰੀ ਨਾਨਕਾ
ਭਾਸ਼ਾ ਵਿਭਾਗ ਪੰਜਾਬ